


ਅੰਮ੍ਰਿਤਾ ਪ੍ਰੀਤਮ

ਸਿਖ ਪਬਲਿਸ਼ਿੰਗ ਹਾਊਸ, ਲਿਮਿਟਿਡ, ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

8/AP

[illegible]

[illegible]

15. 3.55

Digitized by Panjab Digital Library | www.panjabdigilib.org

Prof. Harnam Singh Shan, M. A.
EDITOR, PUNJAB UNIVERSITY
PUBLICATION BUREAU, JULLUNDUR.

# ਸੁਨੇਹੜੇ

Digitized by Panjab Digital Library | www.panjabdigilib.org

## ਅੰਮ੍ਰਿਤਾ ਪ੍ਰੀਤਮ ਦੀਆਂ ਕੁਝ ਹੋਰ ਪੁਸਤਕਾਂ :

ਸਰਘੀ ਵੇਲਾ (ਕਵਿਤਾ)
ਲੰਮੀਆਂ ਵਾਟਾਂ (ਕਵਿਤਾ)
ਆਲ੍ਹਣਾ (ਨਾਵਲ)
ਪਿੰਜਰ (ਨਾਵਲ)
ਡਾਕਟਰ ਦੇਵ (ਨਾਵਲ)
ਪੰਜਾਬ ਦੀ ਆਵਾਜ਼ (ਲੋਕ-ਗੀਤ)
ਮੌਲੀ ਤੇ ਮਹਿੰਦੀ (ਲੋਕ-ਗੀਤ)
ਪੰਜਾਬੀ ਸਾਹਿਤ ਦਾ ਵਿਕਾਸ਼ (ਸਮਾਲੋਚਨਾਂ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਅੰਮ੍ਰਿਤਾ ਪ੍ਰੀਤਮ

Digitized by Panjab Digital Library | www.panjabdigilib.org

ਅੱਖਾਂ ਝੂਮੀਆਂ, ਬੁੱਤ ਜਿਉਂ ਝੂਮਦੇ ਨੇ
ਕਿਸੇ ਟਾਹਣੀਆਂ ਬੂਰ ਪਵੰਦੀਆਂ ਦੇ
ਤੇਰੇ ਸਾਹ 'ਚੋਂ ਮਹਿਕ ਦਾ ਘੁੱਟ ਭਰਿਆ
ਪੌਣਾਂ ਭਿੱਜੀਆਂ ਨਾਲ ਸੁਗੰਧੀਆਂ ਦੇ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਤਕਰਾ


ਨੂਰ ੧੭
ਵੇ ਪਰਦੇਸੀਆ ! ੧੯
ਸੱਤ ਵਰ੍ਹੇ ੨੧
ਦੋ ਘੜੀਆਂ ੨੪
ਸੁਪਨੇ ੨੬
ਅੱਜ ੨੮
ਸਫ਼ਰ ੩੧
ਕਲਪਨਾ ੩੩
ਦੋ ਟੋਪੇ ੩੫
ਸੰਜੋਗ ਵਿਯੋਗ ੩੭
ਪੂਰੇ ਦੀ ਵਾ ੩੯
ਇੱਕ ਗੀਤ ੪੨
ਕੱਚੀਆਂ ਰੀਂਢਾਂ ੪੪
ਰਾਹ ੪੭
ਇੱਕ ਖ਼ਤ ੫੦
ਮਾਇਆ ੫੨
ਹੌਂਕ ੫੭
ਕੁਕਨੂਸ ੬੦


Digitized by Panjab Digital Library | www.panjabdigilib.org

੧. ਫੱਗਣ ਚੇਤਰ
੨. ਚੇਤਰ ਚੜ੍ਹਿਆ ੬੧
੩. ਚੇਤਰ ੬੯
੪. ਚੇਤਰ ੭੨
੫. ਵਰ੍ਹਾ ੭੪
ਸੁਨੇਹੜੇ ੭੭
ਮੈਂ ਗੀਤ ਲਿਖਦੀ ਹਾਂ ੮੯

Digitized by Panjab Digital Library | www.panjabdigilib.org




ਅੰਮ੍ਰਿਤਾ ਪ੍ਰੀਤਮ

ਸਿਖ ਪਬਲਿਸ਼ਿੰਗ ਹਾਊਸ ਲਿਮਿਟਿਡ, ਅੰਮ੍ਰਿਤਸਰ

Digitized by Panjab Digital Library | www.panjabdigilib.org

ਸਾਰੇ ਹੱਕ ਲੇਖਕਾ ਦੇ ਰਾਖਵੇਂ ਹਨ ।

ਫ਼ਰਵਰੀ ੧੯੫੫

ਦੋ ਰੁਪਏ

ਪ੍ਰਿੰਟਰ : ਨਵਯੁਗ ਪ੍ਰੈਸ, ਚਾਂਦਨੀ ਚੋਕ, ਦਿੱਲੀ ।
ਪ੍ਰਕਾਸ਼ਕ : ਸਿਖ ਪਬਲਿਸ਼ਿੰਗ ਹਾਊਸ, ਕਚਹਿਰੀ ਰੋਡ, ਅੰਮ੍ਰਿਤਸਰ ।

Digitized by Panjab Digital Library | www.panjabdigilib.org

ਸੰਨ ੧੯੫੩ ਦੇ ਨਾਂ !

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਗੋਇਥੇ ਨੂੰ ਤੇਜ਼ ਚਾਨਣ ਨਾਲ ਇਕ ਇਸ਼ਕ ਹੋ ਗਿਆ ਸੀ। ਉਹ ਆਖਦਾ ਸੀ ਕਿ ਉਸਦਾ ਅੰਦਰਲਾ ਉਸ ਫੁੱਲ ਵਰਗਾ ਸੀ, ਜਿਹੜਾ ਸੂਰਜ ਡੁੱਬਣ ਦੇ ਨਾਲ ਹੀ ਮੀਟਿਆ ਜਾਂਦਾ ਸੀ। ਵਾਨ ਗੌਗ ਨੂੰ ਜਦੋਂ ਜ਼ਿੰਦਗੀ ਨੇ ਭੋਰਾ ਜਿੰਨਾ ਨਿੱਘ ਦੇਣ ਤੋਂ ਵੀ ਨਾਂਹ ਕਰ ਦਿਤੀ ਤਾਂ ਉਸ ਨੇ ਸੂਰਜ ਕੋਲੋਂ ਸ਼ਰਨ ਮੰਗੀ। ਤੇਜ਼ ਸੂਰਜ ਨੂੰ ਵੇਖਣ ਲਈ ਤੇ ਚਿੱਤ੍ਰਣ ਲਈ ਉਹ ਝੱਲਾ ਹੋ ਗਿਆ ਸੀ।

ਤੇ ਇਹ ਵੀ ਸੱਚ ਹੈ ਕਿ ਮਨ ਇਕ ਸਾਗਰ ਵਾਂਗ ਹੁੰਦਾ ਹੈ ਤੇ ਚੰਨ ਦੀਆਂ ਰਿਸ਼ਮਾਂ ਜਵਾਰ-ਭਾਟਾ ਲੈ ਆਉਂਦੀਆਂ ਹਨ। ਅਜੇਹੀਆਂ ਰਾਤਾਂ ਵਿਚ ਸ਼ੈਲੇ ਸਾਰੇ ਚੱਪੂ ਛੱਡ ਕੇ ਆਪਣੀ ਬੇੜੀ ਨੂੰ ਭਰ ਲਹਿਰਾਂ ਵਿਚ ਪਾ ਦੇਂਦਾ ਹੁੰਦਾ ਸੀ। ਗੂੜ੍ਹਾ ਤੇ ਚੁੱਪ ਹਨੇਰਾ ਵੀ ਮਨ ਨੂੰ ਪਤਾ ਨਹੀਂ ਕੇਹੜੇ ਕੇਹੜੇ ਅੰਬਰਾਂ ਵਿਚ ਲੈ ਜਾਂਦਾ ਹੈ। ਰਾਤ ਦਾ ਇਕ ਆਪਣਾ ਜਾਦੂ ਹੁੰਦਾ ਹੈ।

ਸੱਖਣਾ ਮਨੁੱਖੀ-ਮਨ ਮੱਖੀਆਂ ਦੇ ਓਸ ਛੱਤੇ ਵਾਕਰ ਹੁੰਦਾ ਹੈ ਜਿਹਦੇ ਵਿਚ ਸਿਰਫ਼ ਡੰਗ ਭਰੇ ਹੁੰਦੇ ਹਨ, ਪਰ "ਜ਼ਿੰਦਗੀ ਦਾ ਕੱਤਕ" ਜਦੋਂ ਕਰਮ ਕਰਦਾ ਹੈ ਤਾਂ ਛੱਤੇ ਵਿਚ ਮਾਖਿਓਂ ਭਰ ਜਾਂਦਾ ਹੈ। ਸੱਖਣੇ ਮਨ ਵਾਸਤੇ ਨਾ ਕਿਰਣਾ ਤਲਿਸਮੀ ਬਣਦੀਆਂ ਹਨ ਤੇ ਨਾ ਹਨੇਰੇ ਜਾਦੂਗਰ ਹੋ ਸਕਦੇ ਹਨ।

"ਨੂਰ" ਕਵਿਤਾ ਜਦੋਂ ਮੈਂ ਲਿਖੀ, ਮੈਂ ਸੂਰਜ-ਕਿਰਣਾਂ ਦੇ ਤਲਿਸਮ ਨੂੰ ਵੇਖਿਆ ਸੀ। ਰਾਤ ਦੀ ਚੰਨ ਚਾਨਣੀ ਨਾਲ ਧੋਤੇ ਹੋਏ ਧਰਤੀ ਦੇ ਅੰਗਾਂ ਨੂੰ ਕਿਰਣਾਂ ਨੇ ਆਣ ਕੇ ਕਿਰਮਚੀ ਰੰਗ ਦਾ ਢੋਇਆ



Digitized by Panjab Digital Library | www.panjabdigilib.org

ਦਿਤਾ। ਰੰਗ ਕਾਮਣ ਪਾ ਸਕਦੇ ਹਨ, ਤੇ ਰੰਗ ਇਸ ਤਰ੍ਹਾਂ ਖੇਡ ਸਕਦੇ ਹਨ ਜਿਵੇਂ ਉਨ੍ਹਾਂ ਦੇ ਪੈਰਾਂ ਵਿਚ ਝੁੰਮਰ ਨਾਚ ਬੱਧਾ ਹੋਵੇ:-

ਚੰਨੋਂ ਚਿੱਟੇ ਅੰਗ ਜ਼ਿਮੀ ਦੇ
ਸਭਣਾਂ ਕਿਰਣਾਂ ਸੂਰਜ ਵਿੱਚੋ
ਰੰਗ ਕਿਰਮਚੀ ਢੋਇਆ

ਸਭਨਾਂ ਰੰਗਾਂ ਕਾਮਣ ਪਾਇਆ
ਪੈਰਾਂ ਦੇ ਵਿਚ ਝੁੰਮਰ ਬੱਧਾ
ਵਣ ਤ੍ਰਿਣ ਆਕੇ ਮੋਹਿਆ।

"ਵੇ ਪਰਦੇਸੀਆ" ਵਿਚ ਜਿਥੇ ਚੜ੍ਹਦੇ ਸੂਰਜ ਦਾ ਬਿਆਨ ਇਸ ਤਰ੍ਹਾਂ ਹੈ:-

ਪੂਰਬ ਨੇ ਕੁਝ ਲੱਭਿਆ
ਕਿਹੜੇ ਅੰਬਰ ਫੋਲ
ਜਿਉਂ ਹੱਥ ਕਟੋਰਾ ਦੁੱਧ ਦਾ
ਵਿਚ ਕੇਸਰ ਦਿੱਤਾ ਘੋਲ

ਉੱਥੇ ਰਾਤ ਦਾ ਜ਼ਿਕਰ ਇਸ ਤਰ੍ਹਾਂ ਹੈ:-

ਚਾਨਣ ਲਿੱਪੀ ਰਾਤ ਵੇ
ਸੌਂਤ ਸੁਗੰਧਾਂ ਡੋਹਲ
ਅੰਬਰ ਫ਼ਸਲਾਂ ਪੱਕੀਆਂ
ਤਾਰਿਆਂ ਲਾ ਲਏ ਬੋਹਲ

'ਹੱਕ' ਕਵਿਤਾ ਵਿਚ ਵੀ ਏਸੇ 'ਰੱਜ' ਦਾ ਇਕ ਬਿਆਨ ਹੈ :-

ਸੱਤੇ ਰੰਗ ਅਸਮਾਨ ਨੇ ਡੋਹਲ ਦਿੱਤੇ
ਮੱਥੇ ਕੁੱਲ ਲੁਕਾਈ ਦੇ ਸੋਨ ਵੰਨੇ
ਕਿਹੜੇ ਗਗਨ ਤੋਂ ਰਹਿਮਤਾਂ ਵੱਸੀਆਂ ਨੇ
ਸਾਰੀ ਜ਼ਿਮੀ ਨੇ ਰੱਜ ਕੇ ਭਰੇ ਛੰਨੇ
ਚੰਨਾਂ ਸੂਰਜਾਂ ਆਣ ਕੇ ਵਲੇ ਜਾਦੂ
ਸਾਡੇ ਏਸ ਬੰਨੇ; ਸਾਡੇ ਓਸ ਬੰਨੇ



Digitized by Panjab Digital Library | www.panjabdigilib.org

ਜਿੰਦ, ਜਿੰਦ ਦੇ ਵਿਚ ਸਮਾਈ ਆਕੇ
ਟੋਟੇ ਜ਼ਿਮੀ ਦੇ ਗਲਾਂ ਨੂੰ ਲੱਗ ਰੁੰਨੇ

ਕਿਸੇ ਰਾਤ ਦਾ ਜਾਦੂਗਰ ਹਨੇਰਾ ਹੀ ਇਹ ਸਤਰਾਂ ਲਿਖਵਾ ਸਕਦਾ ਹੈ:-

ਮੇਰੀ ਮੁਹੱਬਤ ਸੁਪਨਿਆਂ ਦੇ
ਲੱਖ ਪੱਲੇ ਓਢਦੀ
ਸੱਤੇ ਆਕਾਸ਼ ਫੋਲ ਕੇ
ਤੇਰੀ ਦਹਲੀਜ਼ ਢੂੰਡਦੀ

ਜਾਂ ਅਜਿਹੀ ਕਿਸੇ ਰਾਤ ਦੀ ਖ਼ੁਮਾਰੀ ਵਿਚ ਹੀ ਚੜ੍ਹਦੀ ਸਵੇਰ ਨੂੰ ਆਖਿਆ ਜਾ ਸਕਦਾ ਹੈ:-

ਇਹ ਰਾਤ ਸਾਰੀ, ਤੇਰੇ
ਖ਼ਿਆਲਾਂ 'ਚ ਗੁਜ਼ਾਰ ਕੇ
ਮੈਂ ਹੁਣੇ ਹੁਣੇ ਜਾਗੀ ਹਾਂ
ਸੱਤੇ ਬਹਿਸ਼ਤਾਂ ਉਸਾਰ ਕੇ

ਇਹ ਰਾਤ ਜੀਕਣ ਰਹਿਮਤਾਂ ਦੀ
ਬੱਦਲੀ ਵਰ੍ਹਦੀ ਰਹੀ
ਇਹ ਰਾਤ ਤੇਰੇ ਵਾਅਦਿਆਂ ਨੂੰ
ਪੂਰਿਆਂ ਕਰਦੀ ਰਹੀ

ਕਈ ਪਲ ਅਜਿਹੇ ਹੁੰਦੇ ਹਨ, ਜਿਹੜੇ ਸਾਰੀ ਜ਼ਿੰਦਗੀ ਦੇ ਪੱਲੇ ਨੂੰ ਅਮੀਰ ਕਰ ਜਾਂਦੇ ਹਨ। ਉਨ੍ਹਾਂ ਪਲਾਂ ਦੇ ਗੁਆਚ ਜਾਣ ਦਾ ਉਨ੍ਹਾਂ ਦੀ ਅਮੀਰੀ ਨਾਲ ਕੋਈ ਸਬੰਧ ਨਹੀਂ ਹੁੰਦਾ। ਫ਼ਰਾਂਸ ਦੇ ਇਕ ਚਿਤ੍ਰਕਾਰ ਲਾਟਰਿਕ ਨੂੰ ਉਸ ਦਾ ਇਕ ਮਿਤ੍ਰ ਆਖਦਾ ਹੁੰਦਾ ਸੀ "ਔਰਤ ਪਿਆਰ ਵਿਚੋਂ ਨਿਰਾਸਤਾ ਮੰਗਦੀ ਹੈ। ਉਹ ਆਪਣੇ ਪਿਆਰ ਦੇ ਦੁਖਾਂਤ ਨੂੰ ਬਹੁਤ ਡੂੰਘਾ ਆਪਣੇ ਮਨ ਵਿਚ ਪਾ ਲੈਂਦੀ ਹੈ ਤੇ ਉਮਰ ਭਰ ਉਹਦੀਆਂ ਕਹਾਣੀਆਂ ਕਰ ਸਕਦੀ ਹੈ" ਫ਼ਰਾਂਸ ਦੇ ਇਸ ਮਰਦ ਦੇ ਆਖਣ ਵਿਚ



Digitized by Panjab Digital Library | www.panjabdigilib.org

ਇਕ ਵਿਅੰਗ ਵੀ ਹੈ ਕਿਉਂਕਿ ਉਸ ਨੇ ਔਰਤ ਦੀ ਮਹਾਨਤਾ ਨੂੰ ਪਿਆਰ ਦੇ ਦੁਖਾਂਤ ਵਿਚ ਹੀ ਉੱਘੜਦੀ ਵਿਖਾਇਆ ਹੈ, ਸੁਖਾਂਤ ਵਿਚ ਨਹੀਂ। ਪਰ ਇਹ ਵਿਅੰਗ ਅਸਲ ਵਿਚ ਮਨੁੱਖੀ-ਸੁਭਾ ਉੱਤੇ ਹੈ। ਇਸਤ੍ਰੀ-ਮਨ ਦਾ ਰੂਪ ਇਹ ਹੈ ਕਿ ਉਹ ਇਕ ਖ਼ਿਆਲ ਨੂੰ ਬਹੁਤ ਡੂੰਘਾ ਆਪਣੇ ਮਨ ਵਿਚ ਲੈਂਦੀ ਹੈ ਤੇ ਉਮਰ ਭਰ ਉਹਦੀਆਂ ਕਹਾਣੀਆਂ ਕਰ ਸਕਦੀ ਹੈ। "ਇਕ ਖ਼ਿਆਲ" ਦੇ ਲੇਖੇ ਲਾਣ ਵਾਸਤੇ ਆਖ਼ਰ "ਇਕ ਉਮਰ" ਕੋਈ ਬਹੁਤ ਵੱਡੀ ਨਹੀਂ ਹੁੰਦੀ।

ਇਹ ਦੁਨੀਆਂ ਵੀ ਤੇਰੇ ਲੇਖੇ
ਉਹ ਦੁਨੀਆਂ ਵੀ ਤੇਰੇ ਲੇਖੇ
ਦੋਵੇਂ ਦੁਨੀਆਂ ਵਾਰ ਛੱਡਦੇ
ਪਿਆਰ ਕਰਨ ਵਾਲੇ

ਇਨ੍ਹਾਂ ਕਵਿਤਾਵਾਂ ਵਿਚ ਉਨ੍ਹਾਂ ਵਰ੍ਹਿਆਂ ਦਾ ਵੀ ਬਿਆਨ ਹੈ, ਜਿੰਨ੍ਹਾਂ ਵਰ੍ਹਿਆਂ ਦੀ ਬੱਤੀ ਨਾਲੋਂ ਚਾਨਣ ਨਿਖੜਿਆ ਰਿਹਾ। ਸੂਰਜ ਦੇ ਉਸ ਸਫ਼ਰ ਦਾ ਵੀ ਜ਼ਿਕਰ ਹੈ, ਧੁੰਧ ਜਿਹਦੇ ਨਾਲ ਨਾਲ ਨਿਭਦੀ ਹੈ ਤੇ ਹਿਜਰ ਦੀ ਡੰਝ ਲਹਿ ਜਾਂਦੀ ਹੈ। ਪਰ ਮਨੁਖੀ-ਮਨ ਦੀ ਨਿਰਾਸਤਾ ਵਿਚ ਕਿਰਣ ਵਰਗੀ ਗੱਲ ਇਹ ਸੰਦੇਸ਼ ਹੈ "ਕਹੁ ਕਲਮ ਨੂੰ ਏਸ ਪੀੜ ਦਾ ਦਾਰੂ ਬਣ ਕੇ ਪੁੰਨੇ।"

ਕਲਪਨਾਂ ਨੂੰ ਜਿਥੇ ਮੈਂ ਆਖਿਆ ਹੈ:—

ਖਿੜਦੀ ਜਿਵੇਂ ਕਪਾਹ ਦੀ ਫੁੱਟੀ
ਸੁਪਨੇ ਤੇਰੇ ਹਸਦੇ
ਜੀਅ ਕਲਪਨਾਂ ਜੁੱਗਾਂ ਤੋੜੀ
ਸੁਪਨੇ ਕੱਤ ਸੁਨਹਿਰੀ

ਨਾਲ ਹੀ ਇਹ ਵੀ ਆਖਿਆ ਹੈ:—

ਬੁੱਤ ਤੇਰਾ ਸੋਹਣੀਏ !
ਤੇ ਇਕ ਸਿੱਟਾ ਕਣਕ ਦਾ



Digitized by Panjab Digital Library | www.panjabdigilib.org

ਕਾਹਦੀਆਂ ਇਹ ਧਰਤੀਆਂ
ਅਜੇ ਵੀ ਉਗਦੇ ਨਹੀਂ ।

ਹੁਨਰ ਭੁੱਖਾ ਰੋਟੀਏ !
ਪਿਆਰ ਭੁੱਖਾ ਗੋਰੀਏ !
ਕਾਹਦਾ ਹੈ ਰੁੱਖ ਨਿਜ਼ਾਮ ਦਾ
ਫਲ ਕੋਈ ਲਗਦੇ ਨਹੀਂ ।

ਤੇ ਇਸ ਇਕ ਆਵਾਜ਼ ਵਿਚ ਸਮਾਜਕ ਪਿਛਵਾੜੇ ਤੋਂ ਆਈਆਂ ਲੱਖਾਂ ਆਵਾਜ਼ਾਂ ਰਲੀਆਂ ਹੋਈਆਂ ਹਨ:—

ਟੁੱਟੀ ਇੱਕ ਪੱਤੀ ਕਿਸੇ ਟਾਹਣ ਨਾਲੋਂ
ਵਣਾਂ ਵਣਾਂ ਚੋਂ ਰੋਹਣੀਆਂ ਬੋਲ ਪਈਆਂ
ਰੋਈਆਂ ਚੂਰੀਆਂ ਤੇ ਛੰਨੇ ਵਿਲਕ ਉੱਠੇ
ਬੇਲੇ ਬੇਲੇ ਚੋਂ ਦੋਹਣੀਆਂ ਬੋਲ ਪਈਆਂ
ਜਲਾਂ ਥਲਾਂ ਚੋਂ ਇਕ ਆਵਾਜ਼ ਹੋਕੇ
ਕਈ ਸੱਸੀਆਂ ਸੋਹਣੀਆਂ ਬੋਲ ਪਈਆਂ
ਇੱਕੋ ਵਾਜ ਮੇਰੀ ਨਹੀਂਉ ਵਾਜ ਇੱਕੋ
ਵਾਜ ਵਾਜ ਚੋਂ ਹੋਣੀਆਂ ਬੋਲ ਪਈਆਂ

ਉਂਜ ਕੁਝ ਵੀ ਲਿਖ ਕੇ ਮੈਨੂੰ ਇਹ ਨਹੀਂ ਜਾਪਦਾ ਕਿ ਜੋ ਆਖਣਾ ਸੀ, ਉਹ ਆਖਿਆ ਗਿਆ ਹੈ। ਹਰ ਵਾਰ ਸੰਤੁਸ਼ਟਤਾ ਨੂੰ ਢੂੰਡਣ ਵਾਸਤੇ ਜੋ ਲਿਖਿਆ ਜਾਂਦਾ ਹੈ, ਉਹ ਮੇਰੀ ਅਸੰਤੁਸ਼ਟਤਾ ਨੂੰ ਹੋਰ ਵਧਾ ਦੇਂਦਾ ਹੈ। ਤੇ ਮੈਂ ਸੋਚਦੀ ਹਾਂ ਜੋ ਆਖਣਾ ਸੀ ਅਜੇ ਨਹੀਂ ਆਖਿਆ ਗਿਆ.........ਅਜੇ ਨਹੀਂ.........ਅਜੇ ਨਹੀਂ.........

ਪਰ ਜੋ ਵੀ ਆਖ ਸਕੀ ਹਾਂ ਉਹ ਲੱਖਾਂ ਆਵਾਜ਼ਾਂ ਦਾ ਇਕ ਆਵਾਜ਼ ਹੋ ਕੇ ਆਖਿਆ ਸੁਨੇਹੁੜਾ ਹੈ:—

ਹੱਕ ਸਮੇਂ ਦਾ ਸ਼ਾਹ ਅਸਵਾਰ ਹੋਵੇ
ਵਾਗ ਸਮੇਂ ਦੀ ਇੰਜ ਸੰਭਾਲਣਾ ਵੇ



Digitized by Panjab Digital Library | www.panjabdigilib.org

ਪੈਰ ਜੱਗ ਦੇ ਮੰਜ਼ਲਾਂ ਢੂੰਡ ਸੱਕਣ
ਦੋਹਾਂ ਦੀਵਿਆਂ ਨੂੰ ਈਕਣ ਬਾਲਣਾ ਵੇ

ਇਹ ਸੁਨੇਹੁੜਾ ਜਿਥੇ ਮੈਂ ਆਪਣੀ ਮੁਹੱਬਤ ਨੂੰ ਤੇ ਅਪਣੇ ਗੀਤਾਂ ਨੂੰ ਦਿਤਾ ਹੈ:–

ਇਸ਼ਕ ਹੈ ਨਾਕਾਮ ਮੇਰਾ
ਰਹਿ ਜਾਏ ਨਾਕਾਮ ਇਹ
ਸੋਚਦੀ ਹਾਂ ਦੇ ਜਾਏ ਪਰ
ਇਕ ਮੇਰਾ ਪੈਗ਼ਾਮ ਇਹ

ਗੀਤ ਮੇਰੇ ! ਕਰ ਦੇ ਮੇਰੇ
ਇਸ਼ਕ ਦਾ ਕਰਜ਼ਾ ਅਦਾ
ਤੇਰੀ ਹਰ ਇਕ ਸਤਰ ਚੋਂ
ਆਵੇ ਜ਼ਮਾਨੇ ਦੀ ਸਦਾ

ਉੱਥੇ ਇਹ ਸੁਨੇਹੁੜਾ ਮੈਂ ਹਰ ਉਸ ਇਨਸਾਨ ਨੂੰ ਦਿੱਤਾ ਹੈ, ਜਿਹਦੇ ਹੱਥ ਵਿਚ ਕਲਮ ਹੈ। ਚਾਹੇ ਉਹ ਆਪਣੀ ਕਲਮ ਨਾਲ ਆਪਣੇ ਮਹਿਬੂਬ ਨੂੰ ਜਾਂ ਅਪਣੇ ਬੱਚੇ ਨੂੰ ਖ਼ਤ ਲਿਖ ਰਿਹਾ ਹੋਵੇ ਤੇ ਚਾਹੇ ਉਹ ਅਪਣੇ ਸਾਥੀ-ਮਨੁੱਖਾਂ ਲਈ ਕੋਈ ਕਵਿਤਾ ਕਹਾਣੀ ਕਹਿ ਰਿਹਾ ਹੋਵੇ:–

ਨਵੀਂ ਰੁੱਤ ਦਾ ਕੋਈ ਸੰਦੇਸ਼ ਦੇਣਾ
ਏਸ ਕਾਨੀ ਦੀ ਲਾਜ ਨੂੰ ਪਾਲਣਾ ਵੇ
ਬੂਰ ਪਵੇ ਜੁ ਜ਼ਿਮੀ ਦੇ ਰੁੱਖ ਉੱਤੇ
ਟਾਹਣੀ ਅਮਨ ਦੀ ਉਮਰ ਦਾ ਆਲ੍ਹਣਾ ਵੇ।

ਫਰਵਰੀ ੧੯੫੫
੮/੨੦ ਵੈਸਟ ਪਟੇਲ ਨਗਰ, ਨਵੀਂ ਦਿੱਲੀ

ਅੰਮ੍ਰਿਤਾ ਪ੍ਰੀਤਮ

Digitized by Panjab Digital Library | www.panjabdigilib.org

## ਨੂਰ

ਡੰਗਾਂ ਦਾ ਸੀ ਭਰਿਆ ਛੱਤਾ
ਇਕ ਦਿਹਾੜੇ ਕੱਤਕ ਆਇਆ
ਆਣ ਮਾਖਿਓਂ ਚੋਇਆ ।

ਚੰਨੋਂ ਚਿੱਟੇ ਅੰਗ ਜ਼ਿਮੀ ਦੇ
ਸਭਨਾਂ ਕਿਰਣਾਂ ਸੂਰਜ ਵਿਚੋਂ
ਰੰਗ ਕਿਰਮਚੀ ਢੋਇਆ ।

ਸਭਨਾਂ ਰੰਗਾਂ ਕਾਮਣ ਪਾਇਆ
ਪੈਰਾਂ ਦੇ ਵਿਚ ਝੁੰਮਰ ਬੱਧਾ
ਵ੍ਹਣ ਤ੍ਰਿਣ ਆ ਕੇ ਮੋਹਿਆ ।



Digitized by Panjab Digital Library | www.panjabdigilib.org

ਵੇਲ ਰੁੱਖ ਦੇ ਗਲ ਨੂੰ ਲੱਗੀ
ਫੁੱਲਾਂ ਵਿਚੋਂ ਉੱਠ ਸੁਗੰਧੀ
ਹੱਥ ਪੌਣ ਦਾ ਛੋਹਿਆ ।

ਦੋਵੇਂ ਲੋਕ ਮੇਰੇ ਰੁਸ਼ਨਾਏ
ਦੋ ਅੱਖਾਂ ਨੂੰ ਲੱਭਾ ਆ ਕੇ
ਨੂਰ ਗੁਆਚਾ ਹੋਇਆ ।


Digitized by Panjab Digital Library | www.panjabdigilib.org

# ਵੇ ਪਰਦੇਸੀਆ

ਪੂਰਬ ਨੇ ਕੁਝ ਲੱਭਿਆ
ਕਿਹੜੇ ਅੰਬਰ ਫੋਲ !

ਜਿਉਂ ਹੱਥ ਕਟੋਰਾ ਦੁੱਧ ਦਾ
ਵਿਚ ਕੇਸਰ ਦਿੱਤਾ ਘੋਲ ।

ਚਾਨ੍ਹਣ ਲਿੱਪੀ ਰਾਤ ਵੇ
ਸੱਤ ਸੁਗੰਧਾਂ ਡੋਹਲ

ਅੰਬਰ ਫ਼ਸਲਾਂ ਪੱਕੀਆਂ
ਤਾਰਿਆਂ ਲਾ ਲਏ ਬੋਹਲ



Digitized by Panjab Digital Library | www.panjabdigilib.org

ਆਸਾਂ ਕੱਤਣ ਬੈਠੀਆਂ
ਤੰਦ ਸੁਬਕ ਤੇ ਸੋਹਲ

ਭਰ ਭਰ ਲੱਛੇ ਪੈਣ ਵੇ
ਰੇਸ਼ਮ ਅੱਟੀ ਝੋਲ

ਅਰਪੀ ਕਿਸ ਨੇ ਜਿੰਦੜੀ
ਚਾਰੇ ਕੰਨੀਆਂ ਖੋਹਲ

ਬੱਦਲਾਂ ਭਰ ਲਈ ਅੱਖ ਵੇ
ਪੌਣਾਂ ਭਰ ਲਈ ਝੋਲ

ਪੰਛੀ ਤੋਲੇ ਪਰਾਂ ਨੂੰ
ਟਾਹਣਾਂ ਗਈਆਂ ਡੋਲ

ਲੈ ਦੇ ਖੰਭ ਵਿਕੰਦੜੇ
ਜਾਂ ਰਹਿ ਪਉ ਸਾਡੇ ਕੋਲ
ਵੇ ਪਰਦੇਸੀਆ !



Digitized by Panjab Digital Library | www.panjabdigilib.org

# ਸੱਤ ਵਰ੍ਹੇ

ਦੋਵੇਂ ਨੈਣ ਵੈਰਾਗੇ ਮੇਰੇ
ਭਰ ਭਰ ਕੇ ਅਜ ਰੁੰਨੇ ।
ਸੱਤ ਸਮੁੰਦਰ ਪੈਰਾਂ ਅੱਗੇ
ਕਾਬਾ ਪਰਲੇ ਬੰਨੇ ।

ਅੱਖੀਆਂ ਦੇ ਵਿਚ ਦੀਵੇ ਭਰ ਕੇ
ਲੰਮੀ ਨੀਝ ਉਮਰ ਨੇ ਲਾਈ
ਡੀਕਾਂ ਨਾਲ ਹਨੇਰੇ ਪੀਤੇ
ਛਾਣੇ ਅੰਬਰ ਜਿੰਨੇ ।

ਵਰ੍ਹਿਆਂ ਬੱਧੀ ਸੂਰਜ ਬਾਲੇ
ਵਰ੍ਹਿਆਂ ਬੱਧੀ ਚੰਨ ਜਗਾਏ
ਅੰਬਰਾਂ ਕੋਲੋਂ ਮੰਗੇ ਜਾ ਕੇ
ਤਾਰੇ ਚਾਂਦੀ ਵੰਨੇ ।



Digitized by Panjab Digital Library | www.panjabdigilib.org

ਕਿਸੇ ਨਾ ਆਕੇ ਸ਼ਮ੍ਹਾ ਜਗਾਈ
ਘੋਰ ਕਾਲਖ਼ਾਂ ਜਿੰਦ ਵਲ੍ਹੇਟੀ
ਵਰ੍ਹਿਆਂ ਦੀ ਇਸ ਬੱਤੀ ਨਾਲੋਂ
ਚਾਨਣ ਰਹੇ ਵਿਛੁੰਨੇ ।

ਸੌ ਸੌ ਵਾਰ ਮਨਾਈਆਂ ਜਾ ਕੇ
ਪਰ ਤਕਦੀਰਾਂ ਮੁੜ ਨਾ ਮੰਨੀਆਂ
ਪੌਣਾਂ ਦੀ ਇਸ ਕੰਨੀ ਅੰਦਰ
ਕਈ ਕਈ ਧਾਗੇ ਬੰਨ੍ਹੇ ।

ਹਾਰੇ ਹੋਏ ਮੇਰੇ ਹੱਥਾਂ ਵਿਚੋਂ
ਸ਼ਮ੍ਹਾਦਾਨ ਜਦ ਡਿੱਗਣ ਲੱਗਾ
ਸੱਤੇ ਸਾਗਰ ਤਰ ਕੇ ਕੋਈ
ਆਇਆ ਮੇਰੀ ਵੰਨੇ ।

ਹੋਠਾਂ ਵਿਚ ਜਗਾ ਕੇ ਜਾਦੂ
ਹੱਥ ਮੇਰੇ ਉਸ ਛੋਹੇ
"ਕਹੁ ਕਲਮ ਨੂੰ ਏਸ ਪੀੜ ਦਾ
ਦਾਰੂ ਬਣ ਕੇ ਪੁੰਨੇ !



Digitized by Panjab Digital Library | www.panjabdigilib.org

ਤੇਰੀਆਂ ਪੀੜਾਂ ਮੇਰੀਆਂ ਪੀੜਾਂ
ਹੋਰ ਅਜੇਹੀਆਂ ਲੱਖਾਂ ਪੀੜਾਂ
ਤੇਰੇ ਅੱਥਰੂ ਮੇਰੇ ਅੱਥਰੂ
ਹੋਰ ਅੱਥਰੂ ਕਿੰਨੇ।

ਸੱਤਾਂ ਵਰ੍ਹਿਆਂ ਦਾ ਇਹ ਪੈਂਡਾ
ਨਿਰੇ ਅਸੀ ਨਾ ਪਾਂਧੀ ਇਸ ਦੇ
ਲੱਖਾਂ ਪੁੰਨੂ ਲੱਖਾਂ ਸੱਸੀਆਂ
ਪੈਰ ਥਲਾਂ ਵਿਚ ਭੁੰਨੇ।

ਦੋਵੇਂ ਹੋਠ ਉੜਾ ਕੇ ਉਸਨੇ
ਕਲਮ ਮੇਰੀ ਫਿਰ ਛੋਹੀ
ਦੋਵੇਂ ਨੈਣ ਵੈਰਾਗੇ ਉਸ ਦੇ
ਭਰ ਭਰ ਕੇ ਫਿਰ ਰੁੰਨੇ।



Digitized by Panjab Digital Library | www.panjabdigilib.org

# ਦੋ ਘੜੀਆਂ

ਸੱਤ ਅੰਬਰਾਂ ਨੂੰ ਲੰਘ ਕੇ ਆਈਆਂ
ਸੱਤੀਂ ਸੁਰੀਂ ਜਗਾ ਲਏ ਜਾਦੂ
ਸੱਤੇ ਰੰਗ ਪਹਿਨ ਲਏ ਓਹਨਾਂ
ਰੂਪ ਕਿਤੋਂ ਨਾ ਊਣਾ ।

ਪੇਸ਼ਵਾਈ ਨਾ ਸਰੀ ਅਸਾਥੋਂ
ਦੋਵੇਂ ਹੱਥ ਹੋਏ ਬਉਰਾਨੇ
ਜਿੰਦ ਸਾਡੀ ਨੂੰ ਬਾਂਹ ਵਲਾ ਕੇ
ਕਰ ਗਈਆਂ ਕੋਈ ਟੂਣਾ ।

ਸੱਤੇ ਅੰਬਰ ਲੰਘ ਕੇ ਆਈਆਂ
ਸੱਤੇ ਅੰਬਰ ਲੰਘ ਕੇ ਗਈਆਂ
ਹੱਥ ਵਿਚ ਲੋਹਾ, ਹੱਥ ਵਿਚ ਪਾਰਸ
ਭੁੱਲ ਗਿਆ ਸਾਨੂੰ ਛੂਹਣਾ ।



Digitized by Panjab Digital Library | www.panjabdigilib.org

ਕਿਸ ਡਾਚੀ ਮੇਰਾ ਪੁੰਨੂੰ ਖੜਿਆ
ਨੌਂ ਸੌ ਮੀਲ ਬਰੇਤਾ ਵਿਛਿਆ
ਜਿਉਂ ਜਿਉਂ ਸੱਸੀ ਜਾਏ ਅਗੇਰੇ
ਤਿਉਂ ਤਿਉਂ ਪੈਂਡਾ ਦੂਣਾ ।

ਅੰਦਰੋ ਅੰਦਰ ਬੱਦਲ ਘਿਰਦੇ
ਕਦੇ ਕਦੇ ਕੋਈ ਵਾਛੜ ਆਵੇ
ਦੋ ਅੱਖਾਂ ਵਿਚ ਆ ਕੇ ਲੱਥੇ
ਮੂੰਹ ਨੂੰ ਕਰ ਜਾਏ ਲੂਣਾ ।

ਜੁੱਗਾਂ ਜੇਡੇ ਦਿਹੁੰ ਬੀਤ ਗਏ
ਯਾਦਾਂ ਦੀ ਇਕ ਤਾਣੀ ਬੱਝੀ
ਬਹੀਏ, ਬਹਿ ਕੇ ਅੱਖਰ ਉਣੀਏ
ਹੋਰ ਅਸਾਂ ਕੀ ਕੂਣਾ !

ਆਈਆਂ, ਦੋ ਘੜੀਆਂ ਕੋਈ ਆਈਆਂ
ਸੱਤੀਂ ਸੁਰੀਂ ਜਗਾ ਲਏ ਜਾਦੂ
ਸੱਤੇ ਰੰਗ ਪਹਿਨ ਲਏ ਓਹਨਾਂ
ਰੂਪ ਕਿਤੋਂ ਨਾ ਊਣਾ ।



Digitized by Panjab Digital Library | www.panjabdigilib.org

# ਸੁਪਨੇ

ਜਿਉਂ ਕੋਈ ਨਿੱਕਾ ਪੰਛੀ ਜਾ ਕੇ
ਡੂੰਘੀ ਸੰਘਣੀ ਰੱਖ ਦੇ ਅੰਦਰ
ਇਕ ਆਲ੍ਹਣਾ ਪਾਇ ।

ਸੱਜਾ ਹੱਥ ਮੇਰਾ ਨਸ਼ਿਆਇਆ
ਓਹਦੀਆਂ ਦੋ ਤਲੀਆਂ ਵਿਚ ਬੈਠਾ
ਸੁਪਨੇ ਕਈ ਬਣਾਏ ।

ਇਕ ਦਿਨ ਰੱਜ ਖੇਡੀਆਂ ਉਂਗਲਾਂ
ਤਲੀਆਂ ਦੀ ਉਸ ਧਰਤੀ ਉੱਤੇ
ਕਿਤਨੇ ਘਰ ਘਰ ਪਾਏ ।



Digitized by Panjab Digital Library | www.panjabdigilib.org

ਫੇਰ ਜਿਵੇਂ ਕੋਈ ਅਲਤਾ ਖੇਡੇ,
ਮੁੱਠਾਂ ਦੇ ਵਿਚ ਭਰ ਕੇ ਸੁਪਨੇ
ਅੱਖਾਂ ਨੂੰ ਉਸ ਲਾਏ ।

ਵਰ੍ਹਿਆਂ ਉੱਤੇ ਵਰ੍ਹੇ ਬੀਤ ਗਏ,
ਰੰਗ ਕੋਈ ਨਾ ਖੁਰੇ ਇੰਨ੍ਹਾਂ ਦਾ
ਲੱਖਾਂ ਅੱਥਰੂ ਆਏ ।

ਚਿੱਟਾ ਚਾਨਣ ਢੋਈ ਨਾ ਦੇਵੇ,
ਅੱਖਾਂ ਵਿਚ ਖਲੋਤੇ ਸੁਪਨੇ
ਰਾਤ ਬੀਤਦੀ ਜਾਏ ।



Digitized by Panjab Digital Library | www.panjabdigilib.org

# ਅੱਜ

ਮਾਨ ਸਰੋਵਰ ਰਿਸ਼ਮਾਂ ਲੱਥੀਆਂ
ਮੋਤੀ ਰਹੀਆਂ ਚੁੱਗ ਵੇ ।
ਫੇਰ ਹਨੇਰੇ ਚਉਸਰ ਖੇਡੇ
ਫ਼ਜ਼ਰ ਗਈ ਊ ਪੁੱਗ ਵੇ ।
ਪੂਰਬ ਦੀ ਇਕ ਟਾਹਣੀ ਉੱਤੇ
ਕਿਰਣਾਂ ਪਈਆਂ ਉੱਗ ਵੇ ।
ਸੱਭੇ ਯਾਦਾਂ ਉੱਮਲ੍ਹ ਆਈਆਂ
ਭਰੀ ਕਲੇਜੇ ਰੁੱਗ ਵੇ ।



Digitized by Panjab Digital Library | www.panjabdigilib.org

ਅੱਲ੍ਹੜ ਧੁੱਪਾਂ ਖੇਡਣ ਪਈਆਂ
ਖੇਡਣ ਰੰਗ ਕਸੁੰਭ ਵੇ ।

ਲਗਰਾਂ ਜਹੀਆਂ ਸਿਖ਼ਰ ਦੁਪਹਿਰਾਂ
ਹੋਈਆਂ ਚਿੱਟੀਆਂ ਖੁੰਬ ਵੇ ।

ਵੇਖ ਸਮੇਂ ਨੇ ਚਾੜ੍ਹ ਧੁਣਖਣੀ
ਚਾਨਣ ਦਿੱਤਾ ਤੁੰਬ ਵੇ ।

ਦੋਵੇਂ ਪੈਰ ਦਿਹੁੰ ਦੇ ਠਰ ਗਏ
ਕਿਰਣਾਂ ਮਾਰੀ ਝੁੰਬ ਵੇ ।

ਕਿਰਣਾਂ ਜਿਵੇਂ ਜਲੂਟੀ ਹੋਈਆਂ
ਅੰਬਰ ਗਏ ਨੇ ਅੰਬ ਵੇ ।

ਕਿਸੇ ਰਾਹੀ ਨੇ ਅੱਡੀ ਝਾੜੀ
ਪੰਛੀ ਝਾੜੇ ਖੰਭ ਵੇ ।

ਆ ਗਏ ਝੁੰਡ, ਵੱਗ ਤੇ ਡਾਰਾਂ
ਭਰ ਗਏ ਸਰਵਰ ਛੰਭ ਵੇ ।

ਏਸ ਹਿਜਰ ਦੇ ਪੈਂਡੇ ਉੱਤੇ
ਜਿੰਦ ਗਈ ਮੇਰੀ ਹੰਭ ਵੇ ।



Digitized by Panjab Digital Library | www.panjabdigilib.org

ਡੋਲ ਗਈ ਸੂਰਜ ਦੀ ਬੇੜੀ
ਪੱਛਮ ਉੱਠੀ ਛੱਲ ਵੇ ।

ਗੀਢ ਪੋਟਲੀ ਚੁੱਕ ਤਰਕਾਲਾਂ
ਆਈਆਂ ਸਾਡੀ ਵੱਲ ਵੇ ।

ਕਿਹੜੇ ਬੱਦਲੋਂ ਕਣੀਆਂ ਲੱਬੀਆਂ
ਅੱਖੀਆਂ ਭਰ ਲਈ ਡੱਲ ਵੇ ।

ਹਰ ਇਕ ਮੇਰੀ "ਅੱਜ" ਢੂੰਡਦੀ
ਕਿੱਥੇ ਕੁ ਤੇਰੀ "ਕੱਲ੍ਹ" ਵੇ ?



Digitized by Panjab Digital Library | www.panjabdigilib.org

# ਸਫ਼ਰ

ਗਹਿਰਾਂ ਚੜ੍ਹੀਆਂ ਪੂਰਬੋਂ
ਅੰਬਰ ਲੱਦੇ ਇੰਜ

ਚੜ੍ਹਦਾ ਸੂਰਜ ਡੁੱਬਿਆ
ਚਾਨਣ ਦਿੱਤਾ ਪਿੰਜ

ਸੁੱਕੇ ਸਰਵਰ ਰਹਮ ਦੇ
ਹੰਸ ਨਾ ਬੋੜੀ ਚਿੰਝ

ਕਰਮ ਕਿਸੇ ਦੇ ਹੋ ਗਏ
ਮੱਥੇ ਨਾਲੋਂ ਰਿੰਜ



Digitized by Panjab Digital Library | www.panjabdigilib.org

੨ ਗਹਿਰਾਂ ਪੈਂਡੇ ਚੱਲੀਆਂ
ਚਾਰੇ ਕੰਨੀਆਂ ਕੁੰਜ
ਲੀਕਾਂ ਫੜੀਆਂ ਘੁੱਟ ਕੇ
ਖੁਰਾ ਨਾ ਜਾਵੇ ਖੁੰਝ
ਕਾਲੇ ਕੋਹ ਮੁਕਾਂਦਿਆਂ
ਧੁੱਪਾਂ ਲੱਭੀਆਂ ਉਂਜ
ਸੂਰਜ ਹੋਇਆ ਸਰਕੜਾ
ਕਿਰਣਾਂ ਹੋਈਆਂ ਮੁੰਜ

੩ ਗਹਿਰਾਂ ਪੱਛਮ ਮੱਲਿਆ
ਲਾਹੀ ਹਿਜਰ ਦੀ ਡੰਝ
ਪੁਕੜਾਂ ਪੈਰ ਲਪੇਟੀਆਂ
ਹੱਥੋਂ ਛੁਟਕੇ ਵੰਝ
ਹੋਠ ਨਾ ਹਾੜੇ ਮੁਕਦੇ
ਅੱਖ ਨਾ ਸੁਕਦੀ ਹੰਝ
ਲਹਿ ਲਹਿ ਜਾਣ ਦਿਹਾੜੀਆਂ
ਹੋਈ ਉਮਰ ਦੀ ਸੰਝ ।



Digitized by Panjab Digital Library | www.panjabdigilib.org

# ਕਲਪਨਾ

ਤਾਰੇ ਪੰਕਤੀ ਬੰਨ੍ਹ ਖਲੋਤੇ
ਉੱਛਲੀ ਅੰਬਰ-ਗੰਗਾ
ਘੜਿਆਂ ਨੂੰ ਪਈ ਮੂੰਹ ਮੂੰਹ ਭਰਦੀ
ਬਣੀ ਕਲਪਨਾ ਮਹਿਰੀ ।

ਕਈ ਉਰਵਸ਼ੀਆਂ ਚਾਕਰ ਹੋਈਆਂ
ਇਸ ਮਿਹਰੀ ਦੇ ਅੱਗੇ
ਇੰਦਰ ਸਭਾ ਲਗਾ ਕੇ ਬੈਠੀ
ਹੁਸਨ ਹੋਰ ਵੀ ਕਹਿਰੀ ।

ਪਿਆਰ ਮੇਰੇ ਦਾ ਭੇਤ ਏਸ ਨੇ
ਛਮਕਾਂ ਮਾਰ ਜਗਾਇਆ,
ਸੁੱਤਾ ਨਾਗ ਇਸ਼ਕ ਦਾ ਜਾਗੇ
ਹੋਰ ਵੀ ਹੋ ਜਾਏ ਜ਼ਹਿਰੀ ।



Digitized by Panjab Digital Library | www.panjabdigilib.org

ਭੁੱਖੇ ਅੰਬਰ ਭਰਨ ਕਲਾਵਾ
ਹੱਥਾਂ ਵਿਚ ਨਾ ਆਵੇ
ਸੋਹਣੀ ਹਰ ਚੰਦਉਰੀ, ਆਖ਼ਰ
ਹਰ ਚੰਦਉਰੀ ਠਹਿਰੀ ।

ਖਿੜਦੀ ਜਿਵੇਂ ਕਪਾਹ ਦੀ ਫੁੱਟੀ
ਸੁਪਨੇ ਤੇਰੇ ਹਸਦੇ,
ਜੀਅ ਕਲਪਨਾਂ ! ਜੁੱਗਾਂ ਤੋੜੀ
ਸੁਪਨੇ ਕੱਤ ਸੁਨਹਿਰੀ ।

ਲੱਖ ਤੇਰੇ ਅੰਬਾਰਾਂ ਵਿੱਚੋਂ
ਦੱਸ ਕੀ ਲੱਭਾ ਸਾਨੂੰ ?
ਇੱਕੋ ਤੰਦ ਪਿਆਰ ਦੀ ਲੱਭੀ
ਉਹ ਵੀ ਤੰਦ ਇਕਹਿਰੀ ।



Digitized by Panjab Digital Library | www.panjabdigilib.org

# ਦੋ ਟੇਪੇ

ਚੰਨ ਅੰਬਰਾਂ ਵਿਚ ਨਿੱਸਲ ਸੁੱਤਾ
ਨਿੱਸਲ ਸੁੱਤੇ ਤਾਰੇ ।
ਮਾਘ ਦੇ ਜੰਮੇ ਕੱਕਰ ਨੂੰ
ਅਜ ਫੱਗਣ ਪਿਆ ਪੰਘਾਰੇ ।

ਜਿੰਦ ਮੇਰੀ ਦੇ ਕੱਖਾਂ ਓਹਲੇ
ਇਕ ਚਿਣਗ ਪਈ ਊਂਘੇ,
ਟਿੱਲੇ ਤੋਂ ਅਜ ਪੌਣ ਜੁ ਉੱਠੀ
ਭਰਦੀ ਪਈ ਹੁੰਗਾਰੇ ।

ਜਿੰਦ ਮੇਰੀ ਦੇ ਪੱਤਰੇ ਉੱਤੇ
ਦੋ ਅੱਖਰ ਉਸ ਵਾਹੇ,
ਦੋ ਅੱਖਰਾਂ ਨੂੰ ਪੂੰਝ ਨਾ ਸੱਕੇ
ਹੱਥ ਉਮਰ ਦੇ ਹਾਰੇ ।



Digitized by Panjab Digital Library | www.panjabdigilib.org

ਸੌ ਜੰਗਲਾਂ ਦੀਆਂ ਭੀੜਾਂ ਵਿੱਚੋਂ
ਖਹਿਬੜ ਕੇ ਕੋਈ ਲੰਘੇ,
ਮੱਥੇ ਵਿੱਚੋਂ ਮਣੀ ਨਾ ਉਤਰੇ
ਕੂੰਜਾਂ ਲਾਹ ਲਾਹ ਮਾਰੇ।

ਦੋ ਪਲਕਾਂ ਅਜ ਕੱਜ ਨਾ ਸੱਕਣ
ਅੱਖੀਆਂ ਦਾ ਉਦਰੇਵਾਂ,
ਮੂੰਹ ਉੱਤੇ ਦੋ ਲੀਕਾਂ ਪਾ ਗਏ
ਦੋ ਵੇਪੇ ਅਜ ਖਾਰੇ।

ਚੰਨ ਅੰਬਰਾਂ ਵਿਚ ਨਿੱਸਲ ਸੁੱਤਾ ... ... ...



Digitized by Panjab Digital Library | www.panjabdigilib.org

# ਸੰਜੋਗ-ਵਿਯੋਗ

ਚਾਰੇ ਚਸ਼ਮੇ ਵੱਗੇ ।
ਇਹ ਕੱਲਰਾਂ ਦੀ ਵਾਦੀ ਮਾਹੀਆ
ਇਸ ਵਾਦੀ ਵਿਚ ਕੁਝ ਨਾ ਉੱਗੇ ।

ਸਾਰੇ ਇਸ਼ਕ ਸਰਾਪੇ ਜਾਂਦੇ
ਏਥੇ ਕੋਈ ਹੁਸਨ ਨਾ ਪੁੱਗੇ ।
ਸੱਭੇ ਰਾਤਾਂ ਸਾਖੀ ਹੋਈਆਂ
ਅੱਖੀਆਂ ਬਹਿ ਬਹਿ ਤਾਰੇ ਚੁੱਗੇ ।

ਏਸ ਰਾਸ ਦੇ ਪਾਤਰ ਵੱਟੇ
ਨਾਟ ਸਮੇਂ ਦਾ ਖੇਡਣ ਲੱਗੇ ।
ਐਪਰ ਅਜੇ ਵਾਰਤਾ ਓਹੋ
ਓਹੀ ਦੁਖਾਂਤ, ਜਿਹਾ ਸੀ ਅੱਗੇ ।



Digitized by Panjab Digital Library | www.panjabdigilib.org

ਇਹ ਮੈਂ ਜਾਣਾਂ – ਫਿਰ ਵੀ ਚਾਹਵਾਂ
ਤੇਰਾ ਇਸ਼ਕ ਹਯਾਤੀ ਤੱਗੇ ।
ਭੁੱਲਿਆ ਚੁੱਕਿਆ ਵਰ ਕੋਈ ਲੱਗੇ
ਤੇਰਾ ਬੋਲ ਭੋਇੰ ਨਾ ਡਿੱਗੇ ।

ਇੰਜ ਕਿਸੇ ਨਾ ਵਿੱਛੜ ਡਿੱਠਾ
ਇੰਜ ਕੋਈ ਨਾ ਮਿਲਿਆ ਅੱਗੇ ।
ਹੋਏ ਸੰਜੋਗ ਵਿਯੋਗ ਇਕੱਠੇ
ਹੰਝੂਆਂ ਦੇ ਗਲ ਹੰਝੂ ਲੱਗੇ ।



Digitized by Panjab Digital Library | www.panjabdigilib.org

# ਪੁਰੇ ਦੀ ਵਾ

ਅਜ ਵਗਦੀ ਪੁਰੇ ਦੀ ਵਾ ।
ਦੋ ਅੱਖੀਆਂ ਦੀ ਨੀਂਦਰ ਵਿਚ ਤੂੰ
ਸੁਪਨਾ ਬਣ ਕੇ ਆ !
ਅਜ ਵਗਦੀ ਪੁਰੇ ਦੀ ਵਾ ।

ਹੁਣੇ ਮੈਂ ਖ਼ੁਸ਼ੀਆਂ ਦਾ ਮੂੰਹ ਤਕਿਆ
ਹੁਣੇ ਤਾਂ ਪਈਆਂ ਦਲੀਲੇ,
ਹੁਣੇ ਤਾਂ ਚੰਨ ਅਸਮਾਨੇ ਚੜ੍ਹਿਆ
ਹੁਣੇ ਤਾਂ ਬੱਦਲ ਨੀਲੇ,

ਹੁਣੇ ਜ਼ਿਕਰ ਸੀ ਤੇਰੇ ਮਿਲਣ ਦਾ
ਹੁਣੇ ਵਿਛੋੜੇ ਦਾ ।
ਅਜ ਵਗਦੀ ਪੁਰੇ ਦੀ ਵਾ ।



Digitized by Panjab Digital Library | www.panjabdigilib.org

ਕਦਮਾਂ ਨੂੰ ਦੋ ਕਦਮ ਮਿਲੇ ਸਨ
ਜ਼ਿਮੀ ਨੇ ਸੁਣ ਲਈ ਸੋਅ,
ਪਾਣੀ ਦੇ ਵਿਚ ਘੁਲ ਗਈ ਠੰਢਕ
ਪੌਣਾਂ ਵਿਚ ਖੁਸ਼ਬੋ,

ਦਿਨ ਦਾ ਚਾਨਣ ਭੇਤ ਨਾ ਸਾਂਭੇ
ਰਾਤ ਨਾ ਦੇਂਦੀ ਰਾਹ।
ਅਜ ਵਗਦੀ ਪੁਰੇ ਦੀ ਵਾ।

ਅਜ ਮੇਰੇ ਦੋ ਕਦਮਾਂ ਨਾਲੋਂ
ਕਦਮ ਛੁਟਕ ਗਏ ਤੇਰੇ,
ਹੱਥ ਮੇਰੇ ਅਜ ਵਿੱਥਾਂ ਨਾਪਣ
ਅੱਖੀਆਂ ਟੋਹਣ ਹਨੇਰੇ,

ਜ਼ਿਮੀ ਤੋਂ ਲੈ ਕੇ ਅੰਬਰਾਂ ਤੀਕਣ
ਘਟਾਂ ਕਾਲੀਆਂ ਸ਼ਾਹ।
ਅਜ ਵਗਦੀ ਪੁਰੇ ਦੀ ਵਾ।

ਅੱਜ ਪਿਆ ਮੇਰੀ ਜਿੰਦ ਨੂੰ ਖੋਰੇ
ਦੋ ਅੱਖੀਆਂ ਦਾ ਪਾਣੀ,
ਮੀਟੇ ਹੋਏ ਮੇਰੇ ਦੋ ਹੋਠਾਂ ਦੀ
ਇਕ ਮਜਬੂਰ ਕਹਾਣੀ,



Digitized by Panjab Digital Library | www.panjabdigilib.org

ਸਮੇਂ ਦੀਆਂ ਕਬਰਾਂ ਨੇ ਸਾਂਭੀ
ਸਮਾਂ ਜਗਾਵੇਗਾ ।
ਅਜ ਵਗਦੀ ਪੁਰੇ ਦੀ ਵਾ ।

ਦੋ ਅੱਖੀਆਂ ਦੀ ਨੀਂਦਰ ਵਿਚ ਤੂੰ
ਸੁਪਨਾ ਬਣ ਕੇ ਆ !
ਅੱਜ ਵਗਦੀ ਪੁਰੇ ਦੀ ਵਾ ।



Digitized by Panjab Digital Library | www.panjabdigilib.org

# ਇਕ ਗੀਤ

ਪਿਆਰ ਮੇਰਾ ਹੋ ਗਿਆ ਯਾਦਾਂ ਦੇ ਹਵਾਲੇ !

ਕੰਢਿਆਂ ਨਾਲੋਂ ਟੁਟ ਗਏ ਨਾਤੇ
ਚੱਪੂਆਂ ਨਾਲੋਂ ਰਿਸ਼ਤੇ ਮੁੱਕ ਗਏ
ਦਿਲ ਦਰਿਆ ਵਿਚ ਕਾਂਗਾਂ ਆਈਆਂ
ਅੱਥਰੂ ਖਾਣ ਉਛਾਲੇ

ਹਰ ਸੋਹਣੀ ਦਿਆਂ ਕਦਮਾਂ ਅੱਗੇ
ਅਜੇ ਵੀ ਇਕ ਝਨਾਂ ਪਈ ਵੱਗੇ
ਹਰ ਸੱਸੀ ਦਿਆਂ ਪੈਰਾਂ ਹੇਠਾਂ
ਅਜੇ ਵੀ ਤੜਪਨ ਛਾਲੇ



Digitized by Panjab Digital Library | www.panjabdigilib.org

ਇਹ ਦੁਨੀਆਂ ਵੀ ਤੇਰੇ ਲੇਖੇ
ਓਹ ਦੁਨੀਆਂ ਵੀ ਤੇਰੇ ਲੇਖੇ
ਦੋਵੇਂ ਦੁਨੀਆਂ ਵਾਰ ਛੱਡਦੇ
ਪਿਆਰ ਕਰਨ ਵਾਲੇ

ਇਹ ਬਿਰਹਾ ਅਸਾਂ ਮੰਗ ਕੇ ਲੀਤਾ
ਇਹ ਬਿਰਹਾ ਸਾਨੂੰ ਸੱਜਣਾਂ ਨੇ ਦਿੱਤਾ
ਇਸ ਬਿਰਹਾ ਦੇ ਘੁੱਪ ਹਨੇਰੇ
ਕਿਉਂ ਕੋਇ ਦੀਵਾ ਬਾਲੇ

ਪਿਆਰ ਮੇਰਾ ਹੋ ਗਿਆ ਯਾਦਾਂ ਦੇ ਹਵਾਲੇ !



Digitized by Panjab Digital Library | www.panjabdigilib.org

## ਕੱਚੀਆਂ ਗੰਢਾਂ

ਪਿਆਰ ਤੇਰੇ ਦੀਆਂ ਕੱਚੀਆਂ ਗੰਢਾਂ
ਤੂੰ ਨਾ ਸੱਕਿਓਂ ਖੋਹਲ !
ਪਿਆਰ ਮੇਰੇ ਦੀਆਂ ਕੱਚੀਆਂ ਗੰਢਾਂ
ਮੈਂ ਨਾ ਸੱਕੀਆਂ ਖੋਹਲ !

ਇਕ ਦਿਹਾੜੇ ਤੰਦ ਵਲੀ ਇਕ
ਵਲੀ ਗਈ ਅਣਭੋਲ
ਅੱਖੀਆਂ ਨੇ ਇਕ ਚਾਨਣ ਦਿੱਤਾ
ਅੱਖੀਆਂ ਦੇ ਵਿਚ ਘੋਲ ।



Digitized by Panjab Digital Library | www.panjabdigilib.org

ਹੌਂਫਦਾ ਹਫਦਾ ਹੁਸਨ ਹੰਢਿਆ
ਖੋਹਲ ਨਾ ਸੱਕਿਆ ਗੰਢ
ਕੀ ਹੋਇਆ ਜੇ ਅੰਦੇ ਪੈ ਗਈ
ਤੰਦ ਸੁਬਕ ਤੇ ਸੋਹਲ ।

ਦੋ ਜਿੰਦਾਂ ਦੋ ਤੰਦਾਂ ਵਲੀਆਂ
ਵਲ ਵਲ ਬੱਝੀ ਜਾਨ
ਕੀ ਹੋਇਆ ਜੇ ਕਦੀ ਕਿਸੇ ਦੇ
ਬੁੱਤ ਨਾ ਵਸਦੇ ਕੋਲ ।

ਚੜ੍ਹ ਚੜ੍ਹ ਲਹਿ ਲਹਿ ਸੂਰਜ ਹਫ਼ਿਆ
ਵਧ ਵਧ ਘਟ ਘਟ ਚੰਦਾ
ਸਾਰੀ ਉਮਰਾ ਕੀਲ ਗਏ
ਤੇਰੇ ਜਾਦੂ ਵਰਗੇ ਬੋਲ ।

ਖੋਹਲ ਖੋਹਲ ਕੇ ਲੋਕ ਹਾਰਿਆ
ਖੋਹਲ ਖੋਹਲ ਪਰਲੋਕ
ਕੇਹੜੇ ਰੱਬ ਦਾ ਜ਼ੋਰ ਵੱਸਦਾ
ਦੋ ਤੰਦਾਂ ਦੇ ਕੋਲ ।



Digitized by Panjab Digital Library | www.panjabdigilib.org

ਇਸ ਮੰਜ਼ਲ ਦੇ ਕੰਡੇ ਵੇਖੇ
ਇਸ ਮੰਜ਼ਲ ਦੀਆਂ ਸੂਲਾਂ
ਇਸ ਮੰਜ਼ਲ ਦੇ ਯੋਜਨ ਤੱਕੇ
ਕਦਮ ਨਾ ਸੱਕੇ ਡੋਲ।

ਪਿਆਰ ਤੇਰੇ ਦੀਆਂ ਕੱਚੀਆਂ ਗੰਢਾਂ
ਤੂੰ ਨਾ ਸੱਕਿਓਂ ਖੋਹਲ।
ਪਿਆਰ ਮੇਰੇ ਦੀਆਂ ਕੱਚੀਆਂ ਗੰਢਾਂ
ਮੈਂ ਨਾ ਸੱਕੀਆਂ ਖੋਹਲ।



Digitized by Panjab Digital Library | www.panjabdigilib.org

# ਰਾਹ

ਕਹੇ ਟੂਣਿਆਂ ਹਾਰੇ ਰਾਹ !

ਅਗਮ ਅਗੋਚਰ ਖਿੱਚ ਇਨ੍ਹਾਂ ਦੀ,
ਜਾਦੂ ਨੇ ਅਸਗਾਹ !
ਕਹੇ ਟੂਣਿਆਂ ਹਾਰੇ ਰਾਹ !

ਨਾ ਜਾਣਾ ਇਹ ਕਿੱਧਰੋਂ ਔਂਦੇ
ਤੇ ਕਿੱਧਰ ਨੂੰ ਜਾਂਦੇ
ਸੌ ਸੌ ਟੂਣੇ, ਸੌ ਸੌ ਜਾਦੂ
ਪੈਰਾਂ ਹੇਠ ਵਿਛਾਂਦੇ



Digitized by Panjab Digital Library | www.panjabdigilib.org

ਮੋੜਾਂ ਦੇ ਨਾਲ ਮੁੜ ਮੁੜ ਜਾਂਦੇ
ਪੈਰ ਨਾ ਖਾਣ ਵਸਾਹ ।
ਕਹੇ ਟੂਣਿਆਂ ਹਾਰੇ ਰਾਹ !

ਜਿੰਦੋਂ ਭੀੜੇ, ਉਮਰੋਂ ਲੰਬੇ
ਇਹ ਰਸਤੇ ਕੰਡਿਆਲੇ
ਪਰ ਪੈਰਾਂ ਵਿਚ ਪੈਂਦੇ ਛਾਲੇ
ਲੱਖ ਇਕਰਾਰਾਂ ਵਾਲੇ

ਰਸਤੇ ਪੈ ਕੇ ਕੌਣ ਕਰੇ ਹੁਣ
ਪੈਰਾਂ ਦੀ ਪਰਵਾਹ ।
ਕਹੇ ਟੂਣਿਆਂ ਹਾਰੇ ਰਾਹ !

ਨਾ ਇਸ ਰਾਹ ਦੀ ਪੈੜ ਪਛਾਤੀ
ਨਾ ਕੋਈ ਖੁਰਾ ਸਿੰਞਾਤਾ
ਪਰ ਇਸ ਰਾਹ ਨਾਲ ਪੈਰਾਂ ਦਾ
ਅਸਾਂ ਜੋੜ ਲਿਆ ਇਕ ਨਾਤਾ

ਦੋ ਪੈਰਾਂ ਦੇ ਨਾਲ ਨਿਭੇਗਾ
ਨਾਤੇ ਦਾ ਨਿਰਬਾਹ ।
ਕਹੇ ਟੂਣਿਆਂ ਹਾਰੇ ਰਾਹ !



Digitized by Panjab Digital Library | www.panjabdigilib.org

ਧੁੱਪਾਂ ਢਲੀਆਂ, ਦਿਹੁੰ ਬੀਤਿਆ
ਅਜੇ ਵੀ ਰਾਹ ਨਾ ਬੀਤੇ
ਏਸ ਰਾਹ ਦੇ ਟੂਣੇ ਤੋਂ
ਅਸਾਂ ਪੈਰ ਸਦੱਕੜੇ ਕੀਤੇ

ਪੈਰਾਂ ਦੀ ਅਸਾਂ ਨਿਆਜ਼ ਚੜ੍ਹਾਈ
ਰਾਹਵਾਂ ਦੀ ਦਰਗਾਹ ।
ਕਹੇ ਟੂਣਿਆਂ ਹਾਰੇ ਰਾਹ !



Digitized by Panjab Digital Library | www.panjabdigilib.org

# ਇੱਕ ਖ਼ਤ

ਇਹ ਰਾਤ ਸਾਰੀ, ਤੇਰੇ
ਖ਼ਿਆਲਾਂ 'ਚ ਗੁਜ਼ਾਰ ਕੇ
ਹੁਣੇ ਹੁਣੇ ਜਾਗੀ ਹਾਂ, ਸੱਤੇ
ਬਹਿਸ਼ਤਾਂ ਉਸਾਰ ਕੇ ।

ਇਹ ਰਾਤ, ਜੀਕਣ ਰਹਿਮਤਾਂ ਦੀ
ਬੱਦਲੀ ਵਰ੍ਹਦੀ ਰਹੀ
ਇਹ ਰਾਤ, ਤੇਰੇ ਵਾਅਦਿਆਂ ਨੂੰ
ਪੂਰਿਆਂ ਕਰਦੀ ਰਹੀ ।

ਪੰਛੀਆਂ ਦੀ ਡਾਰ ਬਣ ਕੇ
ਖ਼ਿਆਲ ਕੋਈ ਆਉਂਦੇ ਰਹੇ
ਹੋਠ ਮੇਰੇ, ਸਾਹ ਤੇਰੇ ਦੀ
ਮਹਿਕ ਨੂੰ ਪੀਂਦੇ ਰਹੇ ।



Digitized by Panjab Digital Library | www.panjabdigilib.org

ਬਹੁਤ ਉਚੀਆਂ ਹਨ ਦੀਵਾਰਾਂ
ਰੋਸ਼ਨੀ ਦਿਸਦੀ ਨਹੀਂ
ਰਾਤ ਸੁਪਨੇ ਖੇਡਦੀ ਹੈ
ਹੋਰ ਕੁਝ ਦਸਦੀ ਨਹੀਂ ।

ਹਰ ਮੇਰਾ ਨਗ਼ਮਾ ਜਿਵੇਂ
ਮੈਂ ਖ਼ਤ ਕੋਈ ਲਿਖਦੀ ਰਹੀ
ਹੈਰਾਨ ਹਾਂ, ਇਕ ਸਤਰ ਵੀ
ਤੇਰੇ ਤਕ ਪੁਜਦੀ ਨਹੀਂ ?



Digitized by Panjab Digital Library | www.panjabdigilib.org

# ਮਾਇਆ

[ ਪ੍ਰਸਿੱਧ ਚਿਤ੍ਰਕਾਰ ਵਿਨਸੈਂਟ ਵਾਨ ਗੋਗ ਦੀ ਕਲਪਿਤ ਪ੍ਰਮਿਕਾ ਮਾਇਆ ਨੂੰ ! ]

ਪਰੀਏ ਨੀ ਪਰੀਏ !
ਹੂਰਾਂ ਸ਼ਾਹਜ਼ਾਦੀਏ !
ਗੋਰੀਏ ਵਿਨਸੈਂਟ ਦੀਏ !
ਸੱਚ ਕਿਉਂ ਬਣਦੀ ਨਹੀਂ ?

ਹੁਸਨ ਕਾਹਦਾ, ਇਸ਼ਕ ਕਾਹਦਾ
ਤੂੰ ਕਹੀ ਅਭਿਸਾਰਕਾ ?
ਆਪਣੇ ਕਿਸੇ ਮਹਿਬੂਬ ਦੀ
ਆਵਾਜ਼ ਤੂੰ ਸੁਣਦੀ ਨਹੀਂ ।



Digitized by Panjab Digital Library | www.panjabdigilib.org

ਦਿਲ ਦੇ ਅੰਦਰ ਚਿਣਗ ਪਾ ਕੇ
ਸਾਹ ਜਦੋਂ ਲੈਂਦਾ ਕੋਈ
ਸੁਲਗਦੇ ਅੰਗਿਆਰ ਕਿਤਨੇ
ਤੂੰ ਕਦੇ ਗਿਣਦੀ ਨਹੀਂ ।

ਕਾਹਦਾ ਹੁਨਰ, ਕਾਹਦੀ ਕਲਾ
ਤਰਲਾ ਹੈ ਇਕ ਇਹ ਜੀਊਣ ਦਾ
ਸਾਗਰ ਤਖ਼ਈਅਲ ਦਾ ਕਦੇ
ਤੂੰ ਕਦੇ ਮਿਣਦੀ ਨਹੀਂ

ਪਰੀਏ ਨੀ ਪਰੀਏ !
ਹੂਰਾਂ ਸ਼ਾਹਜ਼ਾਦੀਏ !
ਖ਼ਿਆਲ ਤੇਰਾ ਪਾਰ ਨਾ—
ਉਰਵਾਰ ਦੇਂਦਾ ਹੈ ।

ਰੋਜ਼ ਸੂਰਜ ਢੂੰਡਦਾ ਹੈ
ਮੂੰਹ ਕਿਤੇ ਦਿਸਦਾ ਨਹੀਂ
ਮੂੰਹ ਤੇਰਾ ਜੋ ਰਾਤ ਨੂੰ
ਇਕਰਾਰ ਦੇਂਦਾ ਹੈ ।



Digitized by Panjab Digital Library | www.panjabdigilib.org

ਤੜਪ ਕਿਸਨੂੰ ਆਖਦੇ ਨੇ
ਤੂੰ ਨਹੀਂ ਇਹ ਜਾਣਦੀ
ਕਿਉਂ ਕਿਸੇ ਤੋਂ ਜ਼ਿੰਦਗੀ
ਕੋਈ ਵਾਰ ਦੇਂਦਾ ਹੈ।

ਦੋਵੇਂ ਜਹਾਨ ਆਪਣੇ
ਲਾਂਦਾ ਹੈ ਕੋਈ ਖੇਡ 'ਤੇ
ਹਸਦਾ ਹੈ ਨਾ ਮੁਰਾਦ
ਤੇ ਫਿਰ ਹਾਰ ਦੇਂਦਾ ਹੈ।

ਪਰੀਏ ਨੀ ਪਰੀਏ !
ਹੂਰਾਂ ਸ਼ਾਹਜ਼ਾਦੀਏ !
ਲੱਖਾਂ ਖ਼ਿਆਲ ਇਸ ਤਰ੍ਹਾਂ
ਔਣਗੇ ਟੁਰ ਜਾਣਗੇ।

ਅਰਗ਼ਵਾਨੀ ਜ਼ਹਿਰ ਤੇਰਾ
ਰੋਜ਼ ਕੋਈ ਪੀ ਲਵੇਗਾ
ਨਕਸ਼ ਤੇਰੇ ਰੋਜ਼ ਜਾਦੂ
ਇਸ ਤਰ੍ਹਾਂ ਕਰ ਜਾਣਗੇ।



Digitized by Panjab Digital Library | www.panjabdigilib.org

ਹੱਸੇਗੀ ਤੇਰੀ ਕਲਪਨਾ
ਤੜਪੇਗਾ ਕੋਈ ਰਾਤ ਭਰ
ਸਾਲਾਂ ਦੇ ਸਾਲ ਇਸ ਤਰ੍ਹਾਂ
ਇਸ ਤਰ੍ਹਾਂ ਖੁਰ ਜਾਣਗੇ ।

ਹੁਨਰ ਭੁੱਖਾ, ਰੋਟੀਏ !
ਪਿਆਰ ਭੁੱਖਾ, ਗੋਰੀਏ !
ਕਿਤਨੇ ਕੁ ਤੇਰੇ ਵਾਨ ਗੌਗ
ਇਸ ਤਰ੍ਹਾਂ ਮਰ ਜਾਣਗੇ !

ਪਰੀਏ ਨੀ ਪਰੀਏ !
ਹੂਰਾਂ ਸ਼ਾਹਜ਼ਾਦੀਏ !
ਹੁਸਨ ਕਾਹਦੀ ਖੇਡ ਹੈ
ਇਸ਼ਕ ਜਦ ਪੁਗਦੇ ਨਹੀਂ ।

ਰਾਤ ਹੈ ਕਾਲੀ ਬੜੀ
ਉਮਰਾਂ ਕਿਸੇ ਨੇ ਬਾਲੀਆਂ
ਚੰਨ ਸੂਰਜ ਕਹੇ ਦੀਵੇ
ਅਜੇ ਵੀ ਜਗਦੇ ਨਹੀਂ ।



Digitized by Panjab Digital Library | www.panjabdigilib.org

ਬੁੱਤ ਤੇਰਾ ਸੋਹਣੀਏ !
ਤੇ ਇਕ ਸਿੱਟਾ ਕਣਕ ਦਾ,
ਕਾਹਦੀਆਂ ਇਹ ਧਰਤੀਆਂ
ਅਜੇ ਵੀ ਉਗਦੇ ਨਹੀਂ ।

ਹੁਨਰ ਭੁੱਖਾ, ਰੋਟੀਏ !
ਪਿਆਰ ਭੁੱਖਾ, ਗੋਰੀਏ !
ਕਾਹਦਾ ਹੈ ਰੁੱਖ ਨਿਜ਼ਾਮ ਦਾ
ਫਲ ਕੋਈ ਲਗਦੇ ਨਹੀਂ ।



Digitized by Panjab Digital Library | www.panjabdigilib.org

# ਹੱਕ

ਕੀਤੇ ਜ਼ਾਰ ਨੇ ਜ਼ਿਮੀ ਦੇ ਕਈ ਟੋਟੇ,
ਬੰਨ੍ਹੇ ਲੱਖ ਦਾਵੇ ਹੱਦਾਂ ਬੰਦੀਆਂ ਦੇ

ਉੱਡੇ ਖ਼ਾਬ ਤੇ ਅੱਖਾਂ ਵਿਚ ਆਣ ਸੁੱਤੇ,
ਦੋਹਾਂ ਸੱਭਿਅਤਾਂ ਦੂਰ ਵਸੰਦੀਆਂ ਦੇ

ਅੱਖਾਂ ਝੂਮੀਆਂ, ਬੂੱਤ ਜਿਉਂ ਝੂਮਦੇ ਨੇ,
ਕਿਸੇ ਟਾਹਣੀਆਂ ਬੂਰ ਪਵੰਦੀਆਂ ਦੇ,

ਤੇਰੇ ਸਾਹ 'ਚੋਂ ਮਹਿਕ ਦਾ ਘੁੱਟ ਭਰਿਆ,
ਪੌਣਾਂ ਭਿੱਜੀਆਂ ਨਾਲ ਸੁਗੰਧੀਆਂ ਦੇ



Digitized by Panjab Digital Library | www.panjabdigilib.org

ਸੱਤੇ ਰੰਗ ਅਸਮਾਨ ਨੇ ਡੋਲ੍ਹ ਦਿੱਤੇ,
ਮੱਥੇ ਕੁੱਲ ਲੁਕਾਈ ਦੇ ਸੋਨ ਵੰਨੇ

ਕਿਹੜੇ ਗਗਨ ਤੋਂ ਰਹਿਮਤਾਂ ਵੱਸੀਆਂ ਨੇ,
ਸਾਰੀ ਜ਼ਿਮੀਂ ਨੇ ਰੱਜ ਕੇ ਭਰੇ ਛੰਨੇ

ਚੰਨਾਂ ਸੂਰਜਾਂ ਆਣ ਕੇ ਵਲੇ ਜਾਦੂ
ਸਾਡੇ ਏਸ ਬੰਨੇ ਸਾਡੇ ਓਸ ਬੰਨੇ

ਜਿੰਦ, ਜਿੰਦ ਦੇ ਵਿਚ ਸਮਾਈ ਆ ਕੇ
ਟੋਟੇ ਜ਼ਿਮੀ ਦੇ ਗਲਾਂ ਨੂੰ ਲੱਗ ਰੁੰਨੇ

ਰੁੰਨੀ ਜ਼ਿਮੀਂ ਤੇ ਰੁੰਨਾ ਏਂ ਲੋਕ ਸਾਰਾ
ਤੰਦਾਂ ਇੰਜ ਨਾ ਜਾਣ ਤਰੋੜੀਆਂ ਵੇ

ਲਹੂ ਵੀਟਣੇ ਜ਼ਾਰ ਨਾ ਫੇਰ ਉੱਠਣ
ਜਿਨ੍ਹਾਂ ਧਰਤੀਆਂ ਤੋੜ ਵਿਛੋੜੀਆਂ ਵੇ

ਅੰਗ ਜ਼ਿਮੀਂ ਦੇ ਪੱਠਿਆਂ ਵਾਂਗ ਟੁੱਕੇ
ਜਿੰਦਾਂ ਛੱਲੀਆਂ ਵਾਂਗ ਮਰੋੜੀਆਂ ਵੇ

ਏਨ੍ਹਾਂ ਨਿੱਤ ਦੇ ਜ਼ਾਰਾਂ ਨੇ, ਲੱਖ ਵਾਰੀ
ਲਾਮਾਂ ਛੇੜੀਆਂ, ਖੂਹਣੀਆਂ ਰੋਹੜੀਆਂ ਵੇ



Digitized by Panjab Digital Library | www.panjabdigilib.org

ਜਾਗੇ ਅੱਜ ਲੁਕਾਈ ਦੇ ਹੱਕ ਜਾਗੇ
ਓਨ੍ਹਾਂ ਖ਼ੂਹਣੀਆਂ ਦੀ ਸਹੁੰ ਖਾ ਕੇ ਤੇ

"ਸਾਂਝੇ ਹੱਕ ਤੇ ਧਰਤੀਆਂ ਸਾਂਝੀਆਂ ਨੇ"
ਝੱਲੇ ਕੌਣ ਇਸ ਵਾਰ ਨੂੰ ਆ ਕੇ ਤੇ

"ਖੇਤ ਲੋਕਾਂ ਦੇ" ਖੇਤਾਂ ਨੇ ਕਸਮ ਖਾਧੀ
ਸਿੱਟੇ ਅੰਨ ਦੇ ਹੱਥਾਂ ਵਿਚ ਚਾ ਕੇ ਤੇ

ਰਿੰਦਾਂ ਆਣ ਵਫ਼ਾ ਦੇ ਕੌਲ ਦਿਤੇ
ਸਾਂਝੀ ਪੌਣ ਦਾ ਜਾਮ ਉਠਾ ਕੇ ਤੇ



Digitized by Panjab Digital Library | www.panjabdigilib.org

# ਕੁਕਨੂਸ

ਲਿਖ ਜਾ ਮੇਰੀ ਤਕਦੀਰ ਨੂੰ
ਮੇਰੇ ਲਈ
ਮੈਂ ਜੀਅ ਰਹੀ ਤੇਰੇ ਬਿਨਾਂ
ਤੇਰੇ ਲਈ

ਹਰ ਚੰਦਉਰੀ ਹਰ ਘੜੀ
ਬਣਦੀ ਰਹੀ
ਹਰ ਚੰਦਉਰੀ ਹਰ ਘੜੀ
ਮਿਟਦੀ ਰਹੀ

ਦੂਧੀਆ ਚਾਨਣ ਵੀ ਅਜ
ਹਸਦੇ ਨਹੀਂ
ਬੇ ਬਹਾਰੇ ਫਲ ਜਿਵੇਂ
ਰਸਦੇ ਨਹੀਂ



Digitized by Panjab Digital Library | www.panjabdigilib.org

ਉਮਰ ਭਰ ਦਾ ਇਸ਼ਕ
ਬੇ ਆਵਾਜ਼ ਹੈ
ਹਰ ਮੇਰਾ ਨਗ਼ਮਾ, ਮੇਰੀ
ਆਵਾਜ਼ ਹੈ

ਹਰਫ਼ ਮੇਰੇ ਤੜਪ ਉਠਦੇ
ਹਨ ਇਵੇਂ
ਸੁਲਗਦੇ ਹਨ ਰਾਤ ਭਰ
ਤਾਰੇ ਜਿਵੇਂ

ਉਮਰ ਮੇਰੀ ਬੇ ਵਫ਼ਾ
ਮੁਕਦੀ ਪਈ
ਰੂਹ ਮੇਰੀ ਬੇਚੈਨ ਹੈ
ਤੇਰੇ ਲਈ

ਕੁਕਨੂਸ ਦੀਪਕ ਰਾਗ ਨੂੰ
ਅਜ ਗਾਏਗਾ
ਇਸ਼ਕ ਦੀ ਇਸ ਲਾਟ 'ਤੇ
ਬਲ ਜਾਏਗਾ

ਸੁਪਨਿਆਂ ਨੂੰ ਚੀਰ ਕੇ
ਆ ਜਾ ਜ਼ਰਾ
ਰਾਤ ਬਾਕੀ ਬਹੁਤ ਹੈ
ਨਾ ਜਾ ਜ਼ਰਾ



Digitized by Panjab Digital Library | www.panjabdigilib.org

ਰਾਖ ਹੀ ਇਸ ਰਾਗ ਦਾ
ਅੰਜਾਮ ਹੈ
ਕੁਕਨੂਸ ਦੀ ਇਸ ਰਾਖ ਨੂੰ
ਪ੍ਰਣਾਮ ਹੈ

ਰੱਜ ਕੇ ਅੰਬਰ ਜਦੋਂ
ਫਿਰ ਰੋਏਗਾ
ਫਿਰ ਨਵਾਂ ਕੁਕਨੂਸ
ਪੈਦਾ ਹੋਏਗਾ

ਲਿਖ ਜਾ ਮੇਰੀ ਤਕਦੀਰ ਨੂੰ
ਮੇਰੇ ਲਈ
ਮੈਂ ਜੀਅ ਰਹੀ ਤੇਰੇ ਬਿਨਾਂ
ਤੇਰੇ ਲਈ !

---

ਆਖਦੇ ਹਨ ਕੁਕਨੂਸ ਪੰਛੀ ਸਾਰਾ ਸਾਲ ਕੋਈ ਨਾ ਕੋਈ ਰਾਗ ਗਾਉਂਦਾ ਹੈ। ਪਰ ਜਦੋਂ ਬਸੰਤ ਰੁੱਤ ਵਿਚ ਉਹ ਦੀਪਕ ਰਾਗ ਗਾਉਂਦਾ ਹੈ ਤਾਂ ਉਸ ਰਾਗ ਤੋਂ ਪੈਦਾ ਹੋਈ ਅੱਗ ਵਿਚ ਆਪ ਜਲ ਜਾਂਦਾ ਹੈ। ਵਰਖਾ ਰੁੱਤ ਵਿਚ ਜਦੋਂ ਰੱਜ ਕੇ ਮੀਂਹ ਵਸਦਾ ਹੈ ਤਾਂ ਜਲੇ ਹੋਏ ਕੁਕਨੂਸ ਦੀ ਰਾਖ ਵਿਚੋਂ ਨਵਾਂ ਕੁਕਨੂਸ ਜਨਮ ਲੈਂਦਾ ਹੈ।



Digitized by Panjab Digital Library | www.panjabdigilib.org

# ਚੇਤਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਫੱਗਣ-ਚੇਤਰ

ਪੂਰਬ ਚੁੱਲ੍ਹਾ ਬਾਲਿਆ
ਫੂਕਾਂ ਮਾਰੇ ਪੌਣ

ਸੱਭੇ ਧੁੰਦਾਂ ਹਿੱਲੀਆਂ
ਜਿਉਂ ਧੂੰਏਂ ਚੁੱਕੀ ਧੌਣ

ਕਿਰਣਾਂ ਹੋਈਆਂ ਉੱਚੀਆਂ
ਜਿਉਂ ਲਾਟਾਂ ਨਿੱਕਲ ਔਣ

ਸੂਰਜ ਧਰੀਆਂ ਹਾਂਡੀਆਂ
ਧੁੱਪਾਂ ਗੁੱਧੀ ਤੌਣ



Digitized by Panjab Digital Library | www.panjabdigilib.org

ਧਰਤੀ ਅੰਗਣ ਲਿੱਪਿਆ
ਕੱਕਰ ਲੱਗੀ ਚੌਣ

ਉੱਸਰ ਆਈਆਂ ਪੈਲੀਆਂ
ਜਿਉਂ ਮੂੜ੍ਹੇ ਲੱਗੀ ਡਾਹੁਣ

ਫੱਗਣ ਪੀਹੜਾ ਰਾਂਗਲਾ
ਚੇਤਰ ਕੱਸੀ ਦੌਣ

ਰੁੱਤ ਕਿਸੇ ਦੇ ਰਾਹ ਤੇ
ਲੱਗੀ ਫੁੱਲ ਵਿਛੌਣ

ਛੇੜੀ ਹੇਕ ਬਹਾਰ ਨੇ
ਸਰਗਮ ਹੋਈ ਪੌਣ

ਆ ਜਾ ਅੱਜ ਪਰਦੇਸੀਆ
ਕੱਲ੍ਹ ਦੀ ਜਾਣੇ ਕੌਣ !



Digitized by Panjab Digital Library | www.panjabdigilib.org

# ਚੇਤਰ ਚੜ੍ਹਿਆ

ਅਜ ਬੇਲੇ ਵਗਦੀ ਪੌਣ ਵੇ !
ਖੂਹ ਦੀਆਂ ਟਿੰਡਾਂ ਵਾਕੁਰਾਂ
ਪਏ ਸਾਲ ਮਹੀਨੇ ਭੌਣ ਵੇ
ਅਜ ਚੇਤਰ ਚੜ੍ਹਿਆ ।

ਅਜ ਪੌਣਾਂ ਵਿੱਚ ਸੁਗੰਧ ਵੇ !
ਫੱਗਣ ਮੁੱਕਾ, ਫੱਗਣ ਦਾ
ਪਰ ਅਜੇ ਨਾ ਮੁੱਕਾ ਪੰਧ ਵੇ
ਅਜ ਚੇਤਰ ਚੜ੍ਹਿਆ ।

ਅਜ ਬੂਰੀ ਹੋ ਗਈ ਦਾਖ਼ ਵੇ !
ਜੋ ਫੱਗਣ ਅਜ ਚੇਤਰ ਬਣਿਆ
ਕੱਲ੍ਹ ਨੂੰ ਬਣੇ ਵਸਾਖ ਵੇ
ਅਜ ਚੇਤਰ ਚੜ੍ਹਿਆ ।



Digitized by Panjab Digital Library | www.panjabdigilib.org

ਅਜ ਰੁੱਖੀਂ ਸਾਵਾ ਬੂਰ ਵੇ !
ਕੱਲ੍ਹ ਦਾ ਫੱਗਣ, ਚੇਤਰ ਕੋਲੋਂ
ਬਾਰਾਂ ਕੋਹ ਅਜ ਦੂਰ ਵੇ
ਅਜ ਚੇਤਰ ਚੜ੍ਹਿਆ ।

ਅਜ ਮੌਲੇ ਪੱਤਰ ਟਾਹਣ ਵੇ !
ਉਮਰਾ ਦੀ ਇਸ ਚਰਖੀ ਉੱਤੇ
ਗੇੜੇ ਗਿੜਦੇ ਜਾਣ ਵੇ
ਅਜ ਚੇਤਰ ਚੜ੍ਹਿਆ ।

ਅਜ ਸੱਬਰ ਕੱਤੇ ਖੇਤ ਵੇ !
ਜਿੰਦ ਆਪਣੀ ਵਿਚ ਸਾਂਭ
ਅਜ ਜਿੰਦ ਮੇਰੀ ਦਾ ਭੇਤ ਵੇ
ਅਜ ਚੇਤਰ ਚੜ੍ਹਿਆ ।



Digitized by Panjab Digital Library | www.panjabdigilib.org

# ਚੇਤਰ

ਔਂਦਾ ਤੇ ਲੰਘ ਜਾਂਦਾ
ਤੇਰੇ ਕੌਲਾਂ ਦਾ ਮਹੀਨਾ

ਮੀਲਾਂ ਦੇ ਮੀਲ ਲੰਬੇ
ਰੇਤਾਂ ਦੇ ਨਾਲ ਅੱਟੇ,
ਜਿਉਂ ਡਾਚੀਆਂ ਨੂੰ ਬੱਧੀ
ਟੱਲੀ ਦਾ ਵਾਜ ਆਉਂਦਾ
ਤੇਰੇ ਕੌਲਾਂ ਦਾ ਮਹੀਨਾ

ਕੋਹਾਂ ਦੇ ਕੋਹ ਕਾਲੇ
ਵੀਰਾਨੀਆਂ ਦੇ ਬੂਹੇ,
ਝੋਕਾ ਬਹਾਰ ਦਾ ਜਿਉਂ
ਕਿਤੋਂ ਉੱਡ ਆਉਂਦਾ
ਤੇਰੇ ਕੌਲਾਂ ਦਾ ਮਹੀਨਾ



Digitized by Panjab Digital Library | www.panjabdigilib.org

ਉਂਜੇ ਹੀ ਹੱਥ ਤੇਰਾ
ਹੱਥਾਂ ਦੇ ਕੋਲ ਝੁਕਦਾ,
ਲੱਖਾਂ ਹਨੇਰਿਆਂ 'ਚ
ਟੋਹਣੀਆਂ ਫੜਾਂਦਾ
ਤੇਰੇ ਕੌਲਾਂ ਦਾ ਮਹੀਨਾ

ਦਿਲ ਦਾ ਚਿਰਾਗ਼ ਲੈ ਕੇ
ਮੂੰਹ ਤੇਰਾ ਮੈਂ ਢੂੰਡਾਂ,
ਬੁੱਝੇ ਹੋਏ ਸੂਰਜਾਂ ਨੂੰ
ਫੇਰ ਬਾਲ ਜਾਂਦਾ
ਤੇਰੇ ਕੌਲਾਂ ਦਾ ਮਹੀਨਾ

ਸੱਭੇ ਤਲਿਸਮ ਖੁਲ੍ਹਦੇ
ਪਰੀਆਂ ਦੇ ਦੇਸ ਪੈਂਦੇ,
ਸਦੀਆਂ ਤੋਂ ਸੁੱਤੀਆਂ
ਸ਼ਾਹਜ਼ਾਦੀਆਂ ਜਗਾਂਦਾ
ਤੇਰੇ ਕੌਲਾਂ ਦਾ ਮਹੀਨਾ



Digitized by Panjab Digital Library | www.panjabdigilib.org

ਦਿਸਦੀ ਸਥੂਲ ਦੁਨੀਆਂ
ਹੋਸ਼ਾਂ ਨੂੰ ਝੂਣ ਦੇਂਦੀ,
ਤੇਰਿਆਂ ਹੀ ਕੌਲਾਂ ਦਾ
ਹਰਫ਼ ਮੇਟ ਜਾਂਦਾ
ਤੇਰੇ ਕੌਲਾਂ ਦਾ ਮਹੀਨਾ

ਲੱਖਾਂ ਸਵਾਲ ਪੁੱਛਾਂ
ਦੇਂਦਾ ਨਾ ਕੋਈ ਹੁੰਗਾਰਾ,
ਹੋਠਾਂ ਦੀ ਚੀਸ ਪੀ ਕੇ
ਅੱਖੀਆਂ ਝੁਕਾਂਦਾ
ਤੇਰੇ ਕੌਲਾਂ ਦਾ ਮਹੀਨਾ

ਔਂਦਾ ਤੇ ਲੰਘ ਜਾਂਦਾ
ਤੇਰੇ ਕੌਲਾਂ ਦਾ ਮਹੀਨਾ



Digitized by Panjab Digital Library | www.panjabdigilib.org

# ਚੇਤਰ

ਸੂਰਜ ਕੀਤੀ ਕੰਡ

ਸੁੱਭੇ ਤੀਲੇ ਸਾਂਭ ਕੇ
ਅਜ ਫੱਗਣ ਬੱਧੀ ਪੰਡ

ਇਹ ਵੀ ਗਈਆਂ ਤਿੰਨ ਸੌ
ਪੈਂਠ ਦਿਹਾੜਾਂ ਹੰਢ

ਚੇਤਰ ਪਾਈ ਆਣ ਕੇ
ਇਕ ਹੋਰ ਵਰ੍ਹੇ ਦੀ ਗੰਢ



Digitized by Panjab Digital Library | www.panjabdigilib.org

ਅਜ ਫੇਰ ਵਿਛੋੜਾ ਆਖਦਾ
ਛੀਏ ਰੁੱਤਾਂ ਛੰਡ

"ਸੱਭੇ ਰਾਤਾਂ ਮੇਰੀਆਂ
ਮੈਂ ਇਕ ਨਾ ਦਿੱਤੀ ਵੰਡ"

ਮੇਰੇ ਸੱਜਣ ਕੀਤੀ ਕੰਡ

ਸੱਭੇ ਯਾਦਾਂ ਸਾਂਭ ਕੇ
ਅਜ ਉਮਰ ਨੇ ਬੱਧੀ ਪੰਡ ।



Digitized by Panjab Digital Library | www.panjabdigilib.org

# ਵਰ੍ਹਾ

ਨੁੱਚੜ ਪਈਆਂ ਅੱਖੀਆਂ
ਵਿੱਛੜ ਚੱਲੀ ਅੰਤਲੀ
ਫੱਗਣ ਦੀ ਤਰਕਾਲ
ਵੇ ਚੇਤਰ ਆ ਗਿਆ ।

ਬਾਰ ਬੇਗਾਨੀ ਚੱਲੀਆਂ
ਛੀਏ ਰੁੱਤਾਂ ਰੁੰਨੀਆਂ
ਮਿਲਿਆਂ ਨੂੰ ਹੋ ਗਿਆ ਸਾਲ
ਵੇ ਚੇਤਰ ਆ ਗਿਆ ।



Digitized by Panjab Digital Library | www.panjabdigilib.org

ਸੱਭੇ ਧੂੜਾਂ ਛੰਡ ਕੇ
ਕੰਨੀ ਬੀਤੇ ਸਮੇਂ ਦੀ
ਕਣੀਆਂ ਲਈ ਹੰਗਾਲ
ਵੇ ਚੇਤਰ ਆ ਗਿਆ ।

ਅੰਬਰ ਵੇਹੜਾ ਲਿੱਪਿਆ
ਉੱਘੜ ਆਈਆਂ ਖਿੱਤੀਆਂ
ਯਾਦਾਂ ਬੱਧੀ ਪਾਲ
ਵੇ ਚੇਤਰ ਆ ਗਿਆ ।

ਖੰਭ ਸਮੇਂ ਨੇ ਝਾੜਿਆ
ਲੱਖ ਦਲੀਲਾਂ ਔਂਦੀਆਂ
ਪੁੱਛਣ ਕਈ ਸੁਆਲ
ਵੇ ਚੇਤਰ ਆ ਗਿਆ ।

ਕੀ ਜਾਣਾ ਦਿਨ ਕੇਤੜੇ
ਮੁੱਠਾਂ ਭਰੀਆਂ ਉਮਰ ਨੇ
ਸੱਭੇ ਤਿਲ ਸੰਭਾਲ
ਵੇ ਚੇਤਰ ਆ ਗਿਆ ।



Digitized by Panjab Digital Library | www.panjabdigilib.org

ਵਰ੍ਹੇ ਨੇ ਪਾਸਾ ਪਰਤਿਆ
ਸੱਭੇ ਯਾਦਾਂ ਤੇਰੀਆਂ
ਘੁੱਟ ਕਲੇਜੇ ਨਾਲ
ਵੇ ਚੇਤਰ ਆ ਗਿਆ ।

ਮੁੜਕੇ ਇਸ ਮੁਹਾਠ 'ਤੇ
ਮੈਂ ਦੀਵਾ ਧਰਿਆ, ਤਿੰਨ ਸੌ
ਪੈਂਠ ਬੱਤੀਆਂ ਬਾਲ
ਵੇ ਚੇਤਰ ਆ ਗਿਆ ।



Digitized by Panjab Digital Library | www.panjabdigilib.org

# ਸੁਨੇਹੜੇ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਲੱਗੀ ਲੋਅ ਤੇ ਪਹਿਲੜਾ ਪਹਿਰ ਲੱਗਾ
ਫੇਰ ਦੂਸਰੇ ਪਹਿਰ ਨੇ ਸੱਦ ਲਾਈ

ਇਕ ਤੇਰੇ ਵਿਯੋਗ ਦਾ ਸੇਕ ਡਾਢਾ
ਦੂਜਾ ਉਮਰ ਦੀ ਸਿਖ਼ਰ ਦੁਪਹਿਰ ਆਈ

ਤੇਰਾ ਖ਼ਤ ਸਾਨੂੰ ਅੱਜ ਬਹੁੜਿਆ ਏ
ਜਿਵੇਂ ਸੱਤਾਂ ਅਸਮਾਨਾਂ ਤੇ ਘਟਾ ਛਾਈ

ਦੋਵੇਂ ਅੱਖੀਆਂ ਸਾਡੀਆਂ ਡੁਮ ਪਈਆਂ
ਮੱਥੇ ਵਿਚ ਨਸੀਬਾਂ ਨੇ ਪੈਲ ਪਾਈ ।



Digitized by Panjab Digital Library | www.panjabdigilib.org

ਦੋਵੇਂ ਹੱਥ ਸਾਡੇ ਅੱਜ ਹੋਏ ਬੌਰੇ
ਅੱਖਾਂ ਝੱਲੀਆਂ ਹੁੰਦੀਆਂ ਜਾਂਦੀਆਂ ਨੇ

ਕਲਮਾਂ ਤੇਰੀਆਂ ਅਜ ਸਰਨਾਵਿਆਂ ਤੇ
ਸਾਡੇ ਨਾਵੇਂ ਨੂੰ ਪਈਆਂ ਬੁਲਾਂਦੀਆਂ ਨੇ

ਚਹੁੰ ਪੋਟਿਆਂ ਤੇ ਗਿਣੀਆਂ ਚਾਰ ਲੀਕਾਂ
ਕੀ ਕੁਝ ਪੁਛਦੀਆਂ ਤੇ ਕੀ ਕੁਝ ਆਂਹਦੀਆਂ ਨੇ

ਲੱਖਾਂ ਬਿਜਲੀਆਂ ਉੱਠ ਕੇ ਅੱਖਰਾਂ 'ਚੋਂ
ਪਈਆਂ ਪੋਟਿਆਂ ਵਿਚ ਸਮਾਂਦੀਆਂ ਨੇ ।

ਖੰਭਾਂ ਹੇਠ ਹੈ ਜ਼ਿਮੀ ਵਲ੍ਹੇਟ ਬੈਠਾ
ਸਾਰੇ ਅੰਬਰ 'ਤੇ ਆਣ ਕੇ ਇੰਜ ਛਾਇਆ

ਲੱਖਾਂ ਰਹਿਮਤਾਂ ਆਪਣੇ ਨਾਲ ਲੈ ਕੇ
ਹੋ ਕੇ ਦੂਤ ਜਿਉਂ ਕਿਸੇ ਦਾ ਮੇਘ ਆਇਆ

ਅੱਖਰ ਜਾਦੂਆਂ ਵਿਚ ਲਬੇੜ ਕੇ ਤੇ
ਪਾਲਾਂ ਬੰਨ੍ਹ ਕੇ ਆਪਣੇ ਨਾਲ ਲਿਆਇਆ

ਸਾਡੀ ਜਿੰਦ ਨੂੰ ਆਣ ਕੇ ਕੀਲ ਬੈਠਾ
ਟੂਣੇ ਹਾਰਿਆ ਵੇ ਕਿਹਾ ਖ਼ਤ ਪਾਇਆ !



Digitized by Panjab Digital Library | www.panjabdigilib.org

ਪੰਜਾਂ ਉੱਤੇ ਹੈ ਵੀਹ ਸੌ ਪੰਜ ਸੰਮਤ
ਚੜ੍ਹਿਆ ਚੇਤਰ ਮਹੀਨਾ ਤੇ ਹੋਈ ਨਾਵੀਂ

ਹੱਥੀਂ ਆਪਣੀ ਲਿਖੇ ਸੁਨੇਹੜੇ ਮੈਂ
ਹੱਥੀਂ ਆਪਣੀ ਆਪ ਵਸੂਲ ਪਾਵੀਂ

ਏਨ੍ਹਾਂ ਕਾਗਜ਼ਾਂ ਨੂੰ ਏਨ੍ਹਾਂ ਕਾਸਦਾਂ ਨੂੰ
ਪਹਿਲੋਂ ਖ਼ੈਰ ਖ਼ੈਰੀਅਤ ਦੇ ਨਾਲ ਬ੍ਹਾਵੀਂ

ਫੇਰ ਹਾਲ ਹਵਾਲ ਜੋ ਪੁੱਛਣਾ ਈਂ
ਏਨ੍ਹਾਂ ਮਹਿਰਮਾਂ ਦੇ ਕੋਲ ਬੈਠ ਜਾਵੀਂ ।

ਰੁੱਤਾਂ ਭੌਂਦੀਆਂ ਤੇ ਵਰ੍ਹੇ ਪਏ ਗਿੜਦੇ
ਵੇ ਕੋਈ ਅੰਤ ਨਹੀਂਓਂ ਏਨ੍ਹਾਂ ਗੇੜਿਆਂ ਦੇ

ਜਿਹੜੇ ਮੂੰਹ ਤੋਂ ਰੌਣਕਾਂ ਰੁੱਸ ਗਈਆਂ
ਹਾਲ ਵੇਖ ਜਾਵੀਂ ਓਨ੍ਹਾਂ ਵੇਹੜਿਆਂ ਦੇ

ਅੱਖਾਂ ਭਰੀਆਂ ਨੇ ਨਾਲ ਗਲੇਡੂਆਂ ਦੇ
ਹੋਠ ਭਰੇ ਨੇ ਨਾਲ ਸੁਨੇਹੜਿਆਂ ਦੇ

ਸਾਰ ਜਾਣਦੇ ਨੇ ਏਨ੍ਹਾਂ ਅੱਖਰਾਂ ਦੀ
ਸੱਜਣ ਵਿੱਛੜੇ ਸੱਜਣਾਂ ਜੇਹੜਿਆਂ ਦੇ ।



Digitized by Panjab Digital Library | www.panjabdigilib.org

ਭਲਾ ਦੱਸ ਮੈਂ ਏਨ੍ਹਾਂ ਨੂੰ ਕੀ ਆਖਾਂ
ਏਨ੍ਹਾਂ ਹੰਝੂਆਂ ਹੱਥੀਂ ਸਹੇੜਿਆਂ ਨੂੰ

ਹੱਸ ਕੰਡੇ ਵੀ ਓਨ੍ਹਾਂ ਦੇ ਚੁੱਗ ਲਈਏ
ਹੱਥੀਂ ਆਪ ਲਾਈਏ ਫੁੱਲਾਂ ਜੇਹੜਿਆਂ ਨੂੰ

ਛੇੜੀ ਗੱਲ ਤੇ ਅੱਖੀਆਂ ਨਾਲ ਛਿੜੀਆਂ
ਛੇੜ ਬੈਠੇ ਹਾਂ ਕਿੱਸਿਆਂ ਕੇਹੜਿਆਂ ਨੂੰ

ਕਾਸਦ ਅੱਖੀਆਂ ਦੇ ਕਾਗਜ਼ ਪਏ ਲਿਖਦੇ
ਲੈ ਕੇ ਆਏ ਨੀ ਮੇਰੇ ਸੁਨੇਹੁੜਿਆਂ ਨੂੰ ।

ਬਹਿਕੇ ਆਪ ਤੂੰ ਸੁਣੀ ਸੁਨੇਹੁੜਿਆਂ ਨੂੰ
ਬਹਿਕੇ ਆਪ ਵਾਚੀਂ ਏਨ੍ਹਾਂ ਪਾਤੀਆਂ ਨੂੰ

ਦੋਹਵਾਂ ਅੱਖੀਆਂ ਦੇ ਵਿਚ ਡੋਬ ਦੇਵੀਂ
ਦੋਵੇਂ ਅੱਖੀਆਂ ਭਰੀਆਂ ਭਰਾਤੀਆਂ ਨੂੰ

ਹੱਡ ਬਾਲਕੇ ਵਰ੍ਹੇ ਹੰਗਾਲ ਛੱਡੇ
ਅਸਾਂ ਪਾਲਿਆ ਚਿਣਗ ਚਵਾਤੀਆਂ ਨੂੰ

ਇੱਕੋ ਹਰਫ਼ ਵਾਲੇ ਇੱਕੋ ਵਿਰਦ ਉੱਤੋਂ
ਵਾਰ ਸੁੱਟਿਆ ਦੋਹਾਂ ਹਯਾਤੀਆਂ ਨੂੰ ।



Digitized by Panjab Digital Library | www.panjabdigilib.org

ਜਿਹੜਾ ਪਾਇਆ ਈ ਅੱਜ ਸਵਾਲ ਮੈਨੂੰ
ਰੋਜ਼ ਹਸ਼ਰ ਦਾ ਇਹੀ ਸਵਾਲ ਮੇਰਾ

ਜਿਹੜੀ ਛੱਲ ਹੈ ਤੇਰੀਆਂ ਅੱਖੀਆਂ 'ਚ
ਓਹੀਓ ਅੱਖੀਆਂ ਵਿਚ ਉਬਾਲ ਮੇਰਾ

ਕਾਹਨੂੰ ਫੇਰ ਮੁੜਕੇ ਸੁਰਤਾਂ ਪੁੱਛੀਆਂ ਨੀ
ਪੁੱਛਣ ਗੋਚਰਾ ਨਹੀਂ ਸੀ ਹਾਲ ਮੇਰਾ

ਤੇਰਾ ਨਾਤਾ ਹੈ ਹਿਜਰ ਦੇ ਨਾਲ ਜਿਹੜਾ
ਓਹੀਓ ਵਾਸਤਾ ਓਸ ਦੇ ਨਾਲ ਮੇਰਾ ।

ਬੀਤੇ ਕਈ ਸਤਵਾਰ ਤੇ ਬੀਤ ਚੱਲੇ
ਕਈ ਬੀਤ ਗਏ ਨੇ ਬਾਰਾਂ ਮਾਹ ਸਾਡੇ

ਜੋ ਵੀ ਸਾਲ ਚੜ੍ਹਦਾ ਜੋ ਵੀ ਚੜ੍ਹੇ ਸੰਮਤ
ਓਹੀਓ ਸਾਲ ਡਾਢਾ ਓਹੀਓ ਸੰਨ ਡਾਢੇ

ਛੀਏ ਰੁੱਤਾਂ ਹੀ ਵੇਖ ਗ਼ਮਰੁਠ ਹੋਈਆਂ
ਵੇਖ ਪੁੰਨਦੇ ਪੁੰਨ ਗਏ ਦਿਹੁੰ ਸਾਡੇ

ਪੈਂਤੀ ਅੱਖਰ ਹੀ ਸਾਡੇ ਵਿਯੋਗ ਵਾਲੇ
ਜਿਹੜਾ ਰਾਹ ਫੜਿਆ ਸੋਈਓ ਪਿਆ ਆਡੇ ।



Digitized by Panjab Digital Library | www.panjabdigilib.org

ਨਾ ਕੋਈ ਦਿੱਤੇ ਨੇ ਅਸਾਂ ਉਲਾਂਭੜੇ ਵੇ
ਨਾ ਕੋਈ ਗਿਲੇ ਗੁਜ਼ਾਰਸ਼ਾਂ ਕੀਤੀਆਂ ਨੇ

ਕਿਸੇ ਹੀਰ ਦੀ ਕਬਰ ਚੋਂ ਵਾਜ ਆਈ
ਅਸਾਂ ਡੀਕ ਲਾ ਕੇ ਜ਼ਹਿਰਾਂ ਪੀਤੀਆਂ ਨੇ

ਬਾਦਸ਼ਾਹਣੀ ਝਨਾਂ ਦੀ ਕਹਿਣ ਲੱਗੀ
ਪੁੱਛ ਮੇਰੇ ਤੋਂ ਜਿਹੜੀਆਂ ਬੀਤੀਆਂ ਨੇ

ਕਣੀ ਕਣੀ ਫੇਰ ਜ਼ਿਮੀ ਦੀ ਬੋਲ ਉੱਠੀ
ਅਸਾਂ ਝੋਲੀ 'ਚ ਪਾਈਆਂ ਅਨੀਤੀਆਂ ਨੇ ।

ਟੁੱਟੀ ਇੱਕ ਪੱਤੀ ਕਿਸੇ ਟਾਹਣ ਨਾਲੋਂ
ਵਣਾਂ ਵਣਾਂ ਚੋਂ ਰੋਹਣੀਆਂ ਬੋਲ ਪਈਆਂ

ਰੋਈਆਂ ਚੂਰੀਆਂ ਤੇ ਛੰਨੇ ਵਿਲਕ ਉੱਠੇ
ਬੇਲੇ ਬੇਲੇ ਚੋਂ ਦੋਹਣੀਆਂ ਬੋਲ ਪਈਆਂ

ਜਲਾਂ ਥਲਾਂ ਚੋਂ ਇਕ ਆਵਾਜ਼ ਹੋ ਕੇ
ਕਈ ਸੱਸੀਆਂ ਸੋਹਣੀਆਂ ਬੋਲ ਪਈਆਂ

ਇੱਕੋ ਵਾਜ ਮੇਰੀ ਨਹੀਂਓਂ ਵਾਜ ਇੱਕੋ
ਵਾਜ ਵਾਜ ਚੋਂ ਹੋਣੀਆਂ ਬੋਲ ਪਈਆਂ ।



Digitized by Panjab Digital Library | www.panjabdigilib.org

ਲੱਖਾਂ 'ਵਾਜਾਂ ਦੀ ਇਕ ਆਵਾਜ਼ ਹੋਈ
ਇੱਕੋ ਇੱਕ ਸੁਨੇਹੁੜਾ ਦੇਣ ਲੱਗੀ

ਰਹੀ ਹੱਥ ਦੇ ਵਿਚ ਹਮੇਲ ਸਾਡੀ
ਸੁੱਤੇ ਫੁੱਲ ਸਾਡੇ ਸੁੱਤੀ ਰਹੀ ਸੱਗੀ

ਏਸ ਹੋਣੀ ਨੂੰ ਹੋਰ ਕੀ ਆਖੀਏ ਵੇ
ਜਿਹੜੀ ਹੋਣੀ ਹਯਾਤੀਆਂ ਨਾਲ ਤੱਗੀ

ਮੇਰਿਆ ਰਾਂਝਣਾਂ ਵੇ ! ਮੇਰਿਆ ਪੁੰਨੂੰਆਂ ਵੇ !
ਮੇਰਿਆ ਮਹੀਂਵਾਲਾ ! ਕਹੀ ਕਲਮ ਵੱਗੀ ।

ਜੇ ਕੋਈ ਲੈਣਾਂ ਈ ਮੇਰਾ ਸੁਨੇਹੁੜਾ ਵੇ
ਮੇਰਾ ਲਈਂ ਸੁਨੇਹੁੜਾ ਆ ਢੋਲਾ

ਪੁੱਠੀ ਕਲਮ ਨੂੰ ਪਕੜ ਕੇ ਕਲਮ ਸਿੱਧੀ
ਦੇਵੀਂ ਓਸਦੇ ਹੱਥ ਫੜਾ ਢੋਲਾ

ਬੋਲੇ ਕੋਈ ਸ਼ਰੱਈਅਤ ਜੇ ਆਣ ਕੇ ਤੇ
ਦੇਵੀਂ ਓਸਦੀ ਸ਼ਰ੍ਹਾ ਵਟਾ ਢੋਲਾ

ਰੱਬ ਫੇਰ ਵੀ ਕਰੇ ਜੇ ਉਜ਼ਰ ਕੋਈ
ਬਦਲ ਦੇਈਂ ਤੂੰ ਓਹਦੀ ਰਜ਼ਾ ਢੋਲਾ ।



Digitized by Panjab Digital Library | www.panjabdigilib.org

ਡਾਚੀ ਸਮੇਂ ਦੀ ਅਜੇ ਨਖੇੜ ਦੇਂਦੀ
ਸੱਸੀ ਅਜੇ ਵੀ ਪੁੰਨੂੰ ਦਾ ਖੁਰਾ ਭਾਲੇ

ਦੋਵੇਂ ਅੱਟੀਆਂ ਹੁਸਨ ਦਾ ਮੁੱਲ ਪੈਂਦਾ
ਹੱਥ ਤੇਸਾ ਤੇ ਅਜੇ ਵੀ ਪੈਰ ਛਾਲੇ

ਕੁੱਠਾ ਇਸ਼ਕ ਜੋ ਛੁਰੀ ਅਪੁੱਠੜੀ ਤੋਂ
ਰੱਤ ਓਸਦੀ ਸਿੰਮਦੀ ਪਈ ਹਾਲੇ

ਕਾਨੀ ਸਮੇਂ ਦੀ ਸਦਾ ਹੀ ਰਹੀ ਲਿਖਦੀ
ਖ਼ੂਨੀ ਪੱਤਰੇ ਪਿਆਰ ਦੀ ਬੀੜ ਵਾਲੇ।

ਪੱਛੀ ਹੋਈ ਏ ਜ਼ਿਮੀ ਦੀ ਪਿੱਠ ਸਾਰੀ
ਖੁਰੇ ਡਾਚੀ ਦੇ ਅੱਜ ਨਾਸੂਰ ਹੋ ਗਏ

ਵਣਜਾਂ ਵਾਲਿਆਂ ਨੇ ਕੱਚੇ ਵਣਜ ਕੀਤੇ
ਪਾਣੀ ਛੱਲਾਂ ਦੇ ਨਾਲ ਭਰਪੂਰ ਹੋ ਗਏ

ਕੈਦੋ ਸਮੇਂ ਦੇ ਹੋਰ ਵੀ ਹੋਏ ਡਾਢੇ
ਚਾਕ ਸਮੇਂ ਦੇ ਹੋਰ ਮਜਬੂਰ ਹੋ ਗਏ

ਪੈਂਡੇ ਤਖ਼ਤ ਹਜ਼ਾਰਿਓਂ ਝੰਗ ਵਾਲੇ
ਹੁੰਦੇ ਹੁੰਦੇ ਅਜ ਹੋਰ ਵੀ ਦੂਰ ਹੋ ਗਏ।



Digitized by Panjab Digital Library | www.panjabdigilib.org

ਇਕੋ ਇਕ ਸੁਨੇਹੁੜਾ ਦਿਆਂ ਤੈਨੂੰ
ਕਲਮਾਂ ਵਾਲੇ ਦੀ ਕਲਮ ਨੂੰ ਘੜੀਂ ਜਾ ਕੇ

ਜਾਂ ਫਿਰ ਕਲਮ ਹੀ ਓਸਦੀ ਬਦਲ ਦੇਵੀਂ
ਸਿਆਹੀ ਬਦਲ ਦੇਵੀਂ ਸਿਆਹੀ ਨਵੀਂ ਪਾ ਕੇ

ਰੱਖੀਂ ਕੋਰ ਨਿਕੋਰਿਆਂ ਕਾਗਜ਼ਾਂ ਨੂੰ
ਉਤੇ ਜ਼ਿਮੀਂ ਦੇ ਹੱਕ ਦੀ ਮੋਹਰ ਲਾ ਕੇ

ਅੱਖਰ ਓਸ ਦੇ ਹੱਥ ਫੜਾਈਂ ਐਸੇ
ਬਦਲ ਦਏ ਉਹ ਸਾਰੇ ਫ਼ੁਰਮਾਨ ਆ ਕੇ।

ਓਹੋ ਸ਼ੇਅਰ ਤੇ ਓਹੋ ਹੈ ਬਹਿਰ ਓਹਦੀ
ਬਦਲ ਗਏ ਨੇ ਅੱਜ ਅਨੁਵਾਨ ਢੋਲਾ

ਸੱਭੇ ਸ਼ਰ੍ਹਾ ਸ਼ਰੱਈਅਤਾਂ ਤੇਰੀਆਂ ਨੇ
ਤੇਰੇ ਨਾਲ ਹੈ ਜੱਗ ਜਹਾਨ ਢੋਲਾ

ਹੱਥੀਂ ਆਪਣੀ ਫੜੀਂ ਤੂੰ ਆਪ ਕਾਨੀ
ਏਸੇ ਕਾਨੀ ਨੂੰ ਚਾੜ੍ਹ ਕੇ ਸਾਨ ਢੋਲਾ

ਓਹਦੇ ਵੇਦ ਕਤੇਬਾਂ ਦਾ ਬਣੀਂ ਕਾਤਬ
ਸੋਧ ਦੇਈਂ ਤੂੰ ਸ਼ਾਹੀ-ਫ਼ੁਰਮਾਨ ਢੋਲਾ।



Digitized by Panjab Digital Library | www.panjabdigilib.org

ਸ਼ਾਹੀ ਚਿੰਨ੍ਹਾਂ ਦੇ ਸ਼ਾਹੀ ਫ਼ੁਰਮਾਨ ਸਾਰੇ
ਤੇਰੀ ਕਾਨੀ ਨੂੰ ਪਏ ਉਡੀਕਦੇ ਨੇ

ਚੇਨ੍ਹ ਸਮੇਂ ਵਾਲੇ ਚੱਕਰ ਸਮੇਂ ਵਾਲੇ
ਆਸ਼ਕ ਹੋਏ ਤੇਰੀ ਇੱਕੋ ਲੀਕ ਦੇ ਨੇ

ਕੱਚੀ ਵੱਟ 'ਤੇ ਪੈਰਾਂ ਦੇ ਪ੍ਹੇ ਤੇਰੇ
ਪੱਕੇ ਪੰਧ ਦੀ ਪੈੜ ਉਲੀਕਦੇ ਨੇ

ਸ਼ਾਹੀ ਤਾਜ ਦਾ ਕੋਈ ਵਸਾਹ ਨਹੀਂਓਂ
ਵਾਅਦੇ ਜ਼ਿਮੀਂ ਵਾਲੇ ਹਸ਼ਰ ਤੀਕ ਦੇ ਨੇ ।

ਹੱਕ ਸਮੇਂ ਦਾ ਸ਼ਾਹ ਅਸਵਾਰ ਹੋਵੇ
ਵਾਗ ਸਮੇਂ ਦੀ ਇੰਜ ਸੰਭਾਲਣਾ ਵੇ !

ਪੈਰ ਜੱਗ ਦੇ ਮੰਜ਼ਲਾਂ ਢੂੰਡ ਸੱਕਣ
ਦੋਹਾਂ ਦੀਵਿਆਂ ਨੂੰ ਈਕਣ ਬਾਲਣਾ ਵੇ !

ਨਵੀਂ ਰੁੱਤ ਦਾ ਕੋਈ ਸੰਦੇਸ਼ ਦੇਣਾ
ਏਸ ਕਾਨੀ ਦੀ ਲਾਜ ਨੂੰ ਪਾਲਣਾ ਵੇ !

ਬੂਰ ਪਵੇ ਜੁ ਜ਼ਿਮੀ ਦੇ ਰੁੱਖ ਉੱਤੇ
ਟਾਹਣੀ ਅਮਨ ਦੀ, ਉਮਰ ਦਾ ਆਲ੍ਹਣਾ ਵੇ ।



Digitized by Panjab Digital Library | www.panjabdigilib.org

# ਮੈਂ ਗੀਤ ਲਿਖਦੀ ਹਾਂ

ਮੈਂ ਗੀਤ ਲਿਖਦੀ ਹਾਂ

ਮੇਰੀ ਮੁਹੱਬਤ, ਸੁਪਨਿਆਂ ਦੇ
ਲੱਖ ਪੱਲੇ ਓਢਦੀ
ਸੱਤੇ ਆਕਾਸ਼ ਫੋਲ ਕੇ
ਤੇਰੀ ਦਹਲੀਜ਼ ਢੂੰਡਦੀ

ਹੱਦਾਂ, ਦੀਵਾਰਾਂ, ਦੂਰੀਆਂ
ਤੇ ਹੱਕ ਨਹੀਂ ਕੁਝ ਕੂਣ ਦਾ
ਢੂੰਡਦੀ ਹੈ ਜ਼ਿੰਦਗੀ ਫਿਰ
ਇਕ ਬਹਾਨਾ ਜੀਊਣ ਦਾ

ਮੈਂ ਗੀਤ ਲਿਖਦੀ ਹਾਂ... ... ...



Digitized by Panjab Digital Library | www.panjabdigilib.org

ਉਮਰ ਭਰ ਦੀ ਆਰਜ਼ੂ ਹੈ
ਉਮਰ ਭਰ ਦੇ ਗ਼ਮ ਦਾ ਰਾਜ਼
ਸੋਚਦੀ ਹਾਂ ਸ਼ਾਇਦ ਕੋਈ
ਬਣ ਜਾਏ ਮੇਰੀ ਆਵਾਜ਼

ਬਣ ਜਾਏ ਆਵਾਜ਼ ਮੇਰੀ
ਅੱਜ ਜ਼ਮਾਨੇ ਦੀ ਆਵਾਜ਼
ਮੇਰੇ ਗ਼ਮ ਦੇ ਰਾਜ਼ ਅੰਦਰ
ਵੱਸ ਜਾਏ ਦੁਨੀਆਂ ਦਾ ਰਾਜ਼

ਇਸ਼ਕ ਹੈ ਨਾਕਾਮ ਮੇਰਾ
ਰਹਿ ਜਾਏ ਨਾਕਾਮ ਇਹ
ਸੋਚਦੀ ਹਾਂ, ਦੇ ਜਾਏ ਪਰ
ਇਕ ਮੇਰਾ ਪੈਗ਼ਾਮ ਇਹ

ਗੀਤ ਮੇਰੇ ! ਕਰ ਦੇ ਮੇਰੇ
ਇਸ਼ਕ ਦਾ ਕਰਜ਼ਾ ਅਦਾ
ਤੇਰੀ ਹਰ ਇਕ ਸਤਰ 'ਚੋਂ
ਆਵੇ ਜ਼ਮਾਨੇ ਦੀ ਸਦਾ



Digitized by Panjab Digital Library | www.panjabdigilib.org

ਮੇਰੀ ਮੁਹੱਬਤ ਦੇ ਚਿਰਾਗ਼ !
ਇਹ ਸਿਆਹੀਆਂ ਬਦਲ ਦੇ
ਗੀਤ ਮੇਰੇ ਖ਼ੂਨ ਦੇ !
ਇਹ ਜ਼ਾਰ-ਸ਼ਾਹੀਆਂ ਬਦਲ ਦੇ

ਫਿਰ ਕਿਸੇ ਦੀ ਆਬਰੂ ਦਾ
ਫਿਰ ਕਿਸੇ ਦੇ ਪਿਆਰ ਦਾ
ਫੇਰ ਸੌਦਾ ਨਾ ਕਰੇ
ਸਿੱਕਾ ਕਿਸੇ ਜ਼ਰਦਾਰ ਦਾ

ਫਿਰ ਕਣਕ ਦੇ ਪਾਲਕਾਂ ਨੂੰ
ਲਾਮ ਨਾ ਸੱਦੇ ਕੋਈ
ਫਿਰ ਜਵਾਨੀ ਉੱਠਦੀ ਨੂੰ
ਪੈਰ ਨਾ ਮਿੱਧੇ ਕੋਈ

ਧਰਤ ਅੰਬਰ ਸਾੜਨੀ
ਫਿਰ ਅੱਗ ਨਾ ਭੜਕੇ ਕੋਈ
ਫੇਰ ਦੋਧੇ ਦਾਣਿਆਂ 'ਤੇ
ਜ਼ਹਿਰ ਨਾ ਛਿੜਕੇ ਕੋਈ



Digitized by Panjab Digital Library | www.panjabdigilib.org

ਕਤਲ ਗਾਹਾਂ ਦੀ ਕਹਾਣੀ
ਫਿਰ ਕੋਈ ਦੁਹਰਾਏ ਨਾ

ਫਿਰ ਕਿਸੇ ਦਾ ਹੁਸਨ, ਮੰਡੀ
ਵਿਚ ਬੁਲਾਇਆ ਜਾਏ ਨਾ

ਹਸਰਤਾਂ ਅਜ਼ਮਾਂਦੀਆਂ ਨੇ
ਫਿਰ ਕਲਮ ਦੇ ਜ਼ੋਰ ਨੂੰ
ਮੈਂ ਗੀਤ ਲਿਖਦੀ ਹਾਂ—
ਕਿ ਹਸਰਤਾਂ ਦੇ ਗੀਤ ਫਿਰ
ਲਿਖਣੇ ਨਾ ਪੈਣ ਹੋਰ ਨੂੰ

ਮੈਂ ਗੀਤ ਲਿਖਦੀ ਹਾਂ... ... ...

[illegible]
20 ਅਪ੍ਰੈਲ, 1955



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਪਹਿਲੀਆਂ ਪੰਕਤੀਆਂ


ਅਜ ਬੇਲੇ ਵਗਦੀ ਪੌਣ ਵੇ   ੬੭
ਅਜ ਵਗਦੀ ਪੁਰੇ ਦੀ ਵਾ   ੩੯
ਔਂਦਾ ਤੇ ਲੰਘ ਜਾਂਦਾ ਤੇਰੇ ਕੌਲਾਂ ਦਾ ਮਹੀਨਾ   ੬੯

ਇਹ ਰਾਤ ਸਾਰੀ ਤੇਰੇ ਖ਼ਿਆਲਾਂ 'ਚ ਗੁਜ਼ਾਰਕੇ   ੫੦

ਸੱਤ ਅੰਬਰਾਂ ਨੂੰ ਲੰਘ ਕੇ ਆਈਆਂ   ੨੪
ਸੂਰਜ ਕੀਤੀ ਕੰਡ   ੭੨

ਕਹੇ ਟੂਣਿਆਂ ਹਾਰੇ ਰਾਹ   ੪੭
ਕੀਤੇ ਜ਼ਾਰ ਨੇ ਜ਼ਿਮੀ ਦੇ ਕਈ ਟੋਟੇ   ੫੭

ਗਹਿਰਾਂ ਚੜ੍ਹੀਆਂ ਪੂਰਬੋਂ   ੩੧

ਚਾਰੇ ਚਸ਼ਮੇ ਵੱਗੇ   ੩੭
ਚੰਨ ਅਬਰਾਂ ਵਿਚ ਨਿੱਸਲ ਸੁੱਤਾ   ੩੫

ਜਿਉਂ ਕੋਈ ਨਿੱਕਾ ਪੰਛੀ ਜਾ ਕੇ   ੨੬

ਡੰਗਾਂ ਦਾ ਸੀ ਭਰਿਆ ਛੱਤਾ   ੧੭

ਤਾਰੇ ਪੰਕਤੀ ਬੰਨ੍ਹ ਖਲੋਤੇ   ੩੩

ਦੋਵੇਂ ਨੈਣ ਵੈਰਾਗੇ ਮੇਰੇ   ੨੧




Digitized by Panjab Digital Library | www.panjabdigilib.org

ਨੁੱਚੜ ਪਈਆਂ ਅੱਖੀਆਂ ੭੪

ਪਰੀਏ ਨੀ ਪਰੀਏ ਹੂਰਾਂ ਸ਼ਾਹਜ਼ਾਦੀਏ ੫੨
ਪਿਆਰ ਤੇਰ ਦੀਆਂ ਕੱਚੀਆਂ ਗੰਢਾਂ ੪੪
ਪਿਆਰ ਮੇਰਾ ਹੋ ਗਿਆ ਯਾਦਾਂ ਦੇ ਹਵਾਲੇ ੪੨
ਪੂਰਬ ਚੁੱਲ੍ਹਾ ਬਾਲਿਆ ੬੫
ਪੂਰਬ ਨੇ ਕੁਝ ਲੱਭਿਆ ੧੯

ਮਾਨ ਸਰੋਵਰ ਰਿਸ਼ਮਾਂ ਲੱਥੀਆਂ ੨੮
ਮੈਂ ਗੀਤ ਲਿਖਦੀ ਹਾਂ ੮੯

ਲੱਗੀ ਲੋਅ ਤੇ ਪਹਿਲੜਾ ਪਹਿਰ ਲੱਗਾ ੭੯
ਲਿਖ ਜਾ ਮੇਰੀ ਤਕਦੀਰ ਨੂੰ ੬੦


Digitized by Panjab Digital Library | www.panjabdigilib.org



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-4508

Digitized by Panjab Digital Library | www.panjabdigilib.org

Digitized by Panjab Digital Library | www.panjabdigilib.org